
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫ਼ਤਾਵਾਰੀ

# ਦੇਸ਼ ਦੁਆਬਾ

VOL - 8 ISSUE - 10
June 19, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦਾ 34ਵਾਂ ਸਥਾਪਨਾ ਦਿਵਸ 30 ਜੂਨ 2019 ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

(ਵਿਸਥਾਰ ਸਹਿਤ ਜਾਣਕਾਰੀ ਆਖਰੀ ਸਫੇ 'ਤੇ ਦੇਖੋ)

# ਅਗਲੇ ਹਫ਼ਤੇ ਤੋਂ ਅਮਰੀਕਾ ਤੋਂ ਬਾਹਰ ਹੋ ਸਕਦੇ ਨੇ ਨਾਜਾਇਜ਼ ਪਰਵਾਸੀ

**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕੀ ਅਧਿਕਾਰੀ ਅਗਲੇ ਹਫ਼ਤੇ ਤੋਂ ਉਨ੍ਹਾਂ ਪਰਵਾਸੀਆਂ ਨੂੰ ਦੇਸ਼ ਤੋਂ ਕੱਢਣ ਦੀ ਪ੍ਰਕਿਰਿਆ ਸ਼ੁਰੂ ਕਰਨਗੇ ਜਿਹੜੇ ਇਥੇ ਨਾਜਾਇਜ਼ ਤਰੀਕੇ ਨਾਲ ਰਹਿ ਰਹੇ ਹਨ। ਅਨੁਮਾਨ ਹੈ ਕਿ ਅਮਰੀਕਾ 'ਚ ਕਰੀਬ ਇਕ ਕਰੋੜ 20 ਲੱਖ ਲੋਕ ਨਾਜਾਇਜ਼ ਤਰੀਕੇ ਨਾਲ ਰਹਿ ਰਹੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਦਾ ਸਬੰਧ ਮੈਕਸੀਕੋ ਅਤੇ ਮੱਧ ਅਮਰੀਕੀ ਦੇਸ਼ਾਂ ਨਾਲ ਹੈ।



ਅਮਰੀਕਾ 'ਚ ਪਰਵਾਸੀ ਮਾਮਲਿਆਂ ਨੂੰ ਦੇਖਣ ਵਾਲੀ ਏਜੰਸੀ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ (ਆਈਸੀਈ) ਦਾ ਜ਼ਿਕਰ ਕਰਦੇ ਹੋਏ ਟਰੰਪ ਨੇ ਸੋਮਵਾਰ ਨੂੰ ਟਵੀਟ ਕੀਤਾ, 'ਆਈਸੀਈ ਅਗਲੇ ਹਫ਼ਤੇ ਤੋਂ ਉਨ੍ਹਾਂ ਲੱਖਾਂ ਨਾਜਾਇਜ਼ ਲੋਕਾਂ ਨੂੰ ਕੱਢਣ ਦੀ ਪ੍ਰਕਿਰਿਆ ਸ਼ੁਰੂ ਕਰੇਗੀ ਜਿਹੜੇ ਨਾਜਾਇਜ਼ ਤਰੀਕੇ ਨਾਲ ਅਮਰੀਕਾ ਵਿਚ ਦਾਖ਼ਲ ਹੋਏ ਹਨ।' ਹਾਲੀਆ ਸ਼ਰਨਾਰਥੀ ਮਸਲੇ 'ਤੇ ਅਮਰੀਕਾ ਅਤੇ ਮੈਕਸੀਕੋ ਦਰਮਿਆਨ ਇਕ ਸਮਝੌਤੇ ਦਾ ਐਲਾਨ ਕੀਤਾ ਗਿਆ ਸੀ। ਇਸ ਸਮਝੌਤੇ ਤਹਿਤ ਮੈਕਸੀਕੋ ਮੱਧ ਅਮਰੀਕੀ ਦੇਸ਼ਾਂ ਦੇ ਉਨ੍ਹਾਂ ਨਾਗਰਿਕਾਂ ਨੂੰ ਵਾਪਸ ਲਵੇਗਾ ਜਿਹੜੇ ਅਮਰੀਕਾ 'ਚ ਸ਼ਰਨ ਮੰਗ ਰਹੇ ਹਨ। ਮੈਕਸੀਕੋ ਅਜਿਹੇ ਸ਼ਰਨਾਰਥੀਆਂ ਨੂੰ ਰੋਕਣ ਲਈ ਅਮਰੀਕਾ ਨਾਲ ਲੱਗਦੀ ਸਰਹੱਦ 'ਤੇ ਫ਼ੌਜੀਆਂ ਦੀ ਤਾਇਨਾਤੀ ਵਧਾਉਣ ਲਈ ਵੀ ਰਾਜ਼ੀ ਹੋਇਆ ਹੈ। ਟਰੰਪ ਨੇ ਇਹ ਚਿਤਾਵਨੀ ਦਿੱਤੀ ਸੀ ਕਿ ਮੈਕਸੀਕੋ ਨੇ ਜੇਕਰ ਸਮਝੌਤਾ ਨਹੀਂ ਕੀਤਾ ਤਾਂ ਉਸ ਦੇ ਇਥੋਂ ਅਮਰੀਕਾ 'ਚ ਆਉਣ ਵਾਲੇ ਸਾਮਾਨ 'ਤੇ ਪੰਜ ਫ਼ੀਸਦੀ ਡਿਊਟੀ ਲਗਾ ਦਿੱਤੀ ਜਾਵੇਗੀ। ਇਹ ਡਿਊਟੀ ਹਰ ਮਹੀਨੇ ਤਦ ਤਕ ਵੱਧਦੀ ਜਾਵੇਗੀ ਜਦ ਤਕ ਉਹ ਸਮਝੌਤੇ ਲਈ ਰਾਜ਼ੀ ਨਹੀਂ ਹੁੰਦਾ।



ਪੀਸੀਏ ਫਰਿਜ਼ਨੋ ਦੇ ਸੱਭਿਆਚਾਰਕ ਮੇਲੇ ਤੇ ਜਸਲੀਨ ਜੱਸੀ, ਦੀਪ ਢਿੱਲੋ ਅਤੇ ਤਰਸੇਮ ਜੱਸੜ ਨੇ ਕਰਵਾਈ ਬਹਿਜਾ-ਬਹਿਜਾ।

**ਨੀਟਾ ਮਾਛੀਕੇ ਅਤੇ ਕੁਲਵੰਤ ਉਭੀ ਧਾਲੀਆ ਦੀ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12-13 'ਤੇ**

## ਦਿੱਲੀ ਵਿਚ ਪੁਲਿਸ ਦੁਆਰਾ ਸਿੱਖ ਪਿਉ-ਪੁੱਤ ਦੀ ਕੁੱਟਮਾਰ ਦਿੱਲੀ ਪੁਲਿਸ ਵੱਲੋਂ ਦੋਹਾਂ ਧਿਰਾਂ ਖ਼ਿਲਾਫ਼ ਕੇਸ ਦਰਜ

**ਨਵੀਂ ਦਿੱਲੀ (ਬਿਊਰੋ)–** ਮੁਖਰਜੀ ਨਗਰ ਵਿੱਚ ਦਿਹਾਤੀ ਆਟੋ ਚਾਲਕ ਸਰਬਜੀਤ ਸਿੰਘ ਵੱਲੋਂ ਕੀਤੀ ਗਈ ਸ਼ਿਕਾਇਤ 'ਤੇ ਦਿੱਲੀ ਪੁਲਿਸ ਨੇ ਆਟੋ ਚਾਲਕ ਤੇ ਦਿੱਲੀ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਮਾਨਾਂਤਰ ਮਾਮਲੇ ਦਰਜ ਕੀਤੇ ਹਨ। ਪੁਲੀਸ ਨੇ ਇਸ ਮਾਮਲੇ ਦੀ ਜਾਂਚ ਅਪਰਾਧ ਸ਼ਾਖਾ ਨੂੰ ਸੌਂਪ ਦਿੱਤੀ ਹੈ। ਇਸੇ ਦੌਰਾਨ ਦੇਰ ਰਾਤ ਦਿੱਲੀ ਦੇ ਸੈਂਕੜੇ ਸਿੱਖਾਂ ਨੇ ਮੁਖਰਜੀ ਨਗਰ ਥਾਣੇ ਦਾ ਘਿਰਾਓ ਕਰ ਦਿੱਤਾ। ਬਲਜੀਤ ਸਿੰਘ ਦਾਦੂਵਾਲ ਸਮੇਤ ਹੋਰ ਸ਼ਖਸੀਅਤਾਂ ਵੀ ਮੌਕੇ 'ਤੇ ਪੁੱਜ ਗਈਆਂ ਤੇ ਪੁਲਿਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਦਿਨ ਵੇਲੇ ਹੀ ਇਲਾਕੇ ਵਿੱਚ ਨੀਮ ਫੌਜੀ ਬਲ ਤਾਇਨਾਤ ਕਰ ਦਿੱਤੇ ਗਏ ਸਨ।



ਜਾਣਕਾਰੀ ਅਨੁਸਾਰ ਬੀਤੀ ਸ਼ਾਮ ਮੁਖਰਜੀ ਨਗਰ ਥਾਣੇ ਨੇੜੇ ਸਰਬਜੀਤ ਸਿੰਘ ਤੇ ਕਰੀਬ ਦਰਜਨ ਪੁਲੀਸ ਮੁਲਾਜ਼ਮਾਂ ਵਿਚਾਲੇ ਖ਼ੂਨੀ ਝੜਪ ਹੋਈ ਸੀ। ਦਿੱਲੀ ਪੁਲਿਸ ਦੇ ਡੀਸੀਪੀ ਮਧੁਰ ਵਰਮਾ ਨੇ ਦੱਸਿਆ ਕਿ ਪਹਿਲੀ ਐਫਆਈਆਰ ਆਟੋ ਚਾਲਕ ਸਰਬਜੀਤ ਸਿੰਘ ਖ਼ਿਲਾਫ਼ ਦਰਜ ਕੀਤੀ ਗਈ ਹੈ। ਸ੍ਰੀ ਵਰਮਾ ਨੇ ਦੱਸਿਆ ਕਿ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਟੋ ਚਾਲਕ ਤੇ ਜ਼ਖ਼ਮੀ ਪੁਲਿਸ ਵਾਲਿਆਂ ਦੀਆਂ ਡਾਕਟਰੀ ਰਿਪੋਰਟਾਂ

(ਬਾਕੀ ਸਫਾ 3 'ਤੇ)

## ਸ੍ਰੀ ਮੁਕਤਸਰ ਵਿਚ ਦੋ ਔਰਤਾਂ ਦੀ ਕੁੱਟਮਾਰ ਕਾਂਗਰਸੀ ਕੌਂਸਲਰ ਅਤੇ ਕਈ ਹੋਰ ਗ੍ਰਿਫ਼ਤਾਰ

**ਸ੍ਰੀ ਮੁਕਤਸਰ ਸਾਹਿਬ (ਬਿਊਰੋ)–** ਮੁਕਤਸਰ ਵਿਚ ਕੁਝ ਲੋਕਾਂ ਵਲੋਂ ਔਰਤਾਂ ਦੀ ਬੇਰਹਿਮੀ ਨਾਲ ਕੀਤੀ ਗਈ ਕੁੱਟਮਾਰ ਦੀ ਵੀਡੀਓ ਵਾਇਰਲ ਹੋਣ ਦੇ ਮਾਮਲੇ ਦੇ ਮੁੱਖ ਮੁਲਜ਼ਮ ਕਾਂਗਰਸੀ ਕੌਂਸਲਰ ਰਾਕੇਸ਼ ਚੌਧਰੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਵਿੱਚ ਨਾਮਜ਼ਦ ਕੀਤੇ ਗਏ ਕੁੱਲ 10 ਮੁਲਜ਼ਮਾਂ ਵਿੱਚੋਂ ਬੀਤੇ ਦਿਨ ਫੜੇ ਗਏ ਛੇ ਮੁਲਜ਼ਮਾਂ ਨੂੰ ਅੱਜ ਪੁਲੀਸ ਨੇ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਲਿਆ ਹੈ। ਇਸ ਦੌਰਾਨ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਇਸ ਮਾਮਲੇ ਵਿੱਚ ਐੱਸਐੱਸਪੀ ਅਤੇ ਥਾਣਾ ਮੁਖੀ ਨੂੰ 20 ਜੂਨ ਲਈ ਤਲਬ ਕੀਤਾ ਹੈ। ਜ਼ਿਲ੍ਹਾ ਪੁਲਿਸ ਮੁਖੀ ਮਨਜੀਤ ਸਿੰਘ ਢੇਸੀ ਨੇ ਦੇਰ ਸ਼ਾਮ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਰਾਕੇਸ਼ ਚੌਧਰੀ ਨੂੰ ਪਿੰਡ ਰੁਪਾਣਾ ਕੋਲੋਂ ਫੜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਕਈ ਸੰਗੀਨ ਮੁਕਦਮੇ ਚੱਲਦੇ ਹਨ, ਜਿਨ੍ਹਾਂ ਨੂੰ ਪੜਤਾਲ ਦੇ ਘੇਰੇ ਵਿੱਚ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਕੀ ਮੁਲਜ਼ਮਾਂ ਹਸਨ, ਰੇਨੂੰ ਰਾਣੀ ਤੇ ਜੋਤੀ ਰਾਣੀ ਨੂੰ ਵੀ ਜਲਦੀ ਗ੍ਰਿਫ਼ਤਾਰ ਕੀਤਾ ਜਾਵੇਗਾ। ਪੁਲਿਸ ਨੇ ਇਸ ਮਾਮਲੇ ਦੇ ਛੇ ਮੁਲਜ਼ਮਾਂ ਰੂਪ, ਸੁਰੇਸ਼ ਚੌਧਰੀ,



(ਬਾਕੀ ਸਫਾ 3 'ਤੇ)



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਭਾਰਤ ਦੀਆਂ ਮੁੱਖ ਫ਼ਸਲਾਂ ਲਈ ਘਾਤਕ ਹੈ ਵਾਤਾਵਰਨ ਤਬਦੀਲੀ

ਨਿਊਯਾਰਕ- ਵਿਗਿਆਨੀਆਂ ਦਾ ਮੰਨਣਾ ਹੈ ਕਿ ਵਾਤਾਵਰਨ ਤਬਦੀਲੀ ਭਾਰਤ ਵਿੱਚ ਅਨਾਜ ਦੀ ਪੈਦਾਵਰ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕਰਦੀ ਹੈ ਅਤੇ ਬੇਹੱਦ ਖ਼ਰਾਬ ਮੌਸਮ ਕਾਰਨ ਦੇਸ਼ ਵਿੱਚ ਝੋਨੇ ਦੀ ਪੈਦਾਵਰ 'ਤੇ ਕਾਫੀ ਮਾੜਾ ਅਸਰ ਪੈ ਸਕਦਾ ਹੈ। ਅਮਰੀਕਾ ਵਿੱਚ ਕੋਲੰਬੀਆ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਭਾਰਤ ਦੀਆਂ ਸਾਉਣੀ ਦੀਆਂ ਪੰਜ ਪ੍ਰਮੁੱਖ ਫ਼ਸਲਾਂ ਮੱਕੀ, ਬਾਜਰਾ, ਜਵਾਰ ਤੇ ਝੋਨੇ ਆਦਿ 'ਤੇ ਵਾਤਾਵਰਨ ਤਬਦੀਲੀਆਂ ਦੇ ਪ੍ਰਭਾਵਾਂ ਦਾ ਅਧਿਐਨ ਕੀਤਾ। ਜੂਨ ਤੋਂ ਸਤੰਬਰ ਵਿਚਕਾਰ ਮੌਨਸੂਨ ਦੇ ਮੌਸਮ ਦੌਰਾਨ ਹੋਣ ਵਾਲੀਆਂ ਸਾਉਣੀ ਦੀਆਂ ਫ਼ਸਲਾਂ ਦਾ ਭਾਰਤ ਦੇ ਅਨਾਜ ਉਤਪਾਦਨ ਵਿੱਚ ਅਹਿਮ ਯੋਗਦਾਨ ਹੈ।

ਦੱਸਣਯੋਗ ਹੈ ਕਿ ਭਾਰਤ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਦੇ ਮੁਕਾਬਲੇ ਸਾਉਣੀ ਦੀਆਂ ਫ਼ਸਲਾਂ ਦੀ ਪੈਦਾਵਰ ਵਧੇਰੇ ਹੁੰਦੀ ਹੈ। ਖੋਜਕਰਤਾਵਾਂ ਨੇ ਕਿਹਾ ਕਿ ਭਾਰਤ ਦੀਆਂ ਪੋਸ਼ਣ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਸਾਉਣੀ ਦੌਰਾਨ ਉਗਾਏ ਜਾਂਦੇ ਇਹ ਪੰਜ ਅਨਾਜ ਜ਼ਰੂਰੀ ਹਨ।

'ਇਨ-ਵਾਇਰਮੈਂਟਲ ਰਿਸਰਚ ਲੈਟਰਜ਼' ਵਿੱਚ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਬਾਜਰਾ,



ਜਵਾਰ ਅਤੇ ਮੱਕੀ ਦੀਆਂ ਫ਼ਸਲਾਂ 'ਤੇ ਬੇਹੱਦ ਖ਼ਰਾਬ ਮੌਸਮੀ ਸਥਿਤੀਆਂ ਦਾ ਬਹੁਤ ਘੱਟ ਅਸਰ ਪੈਂਦਾ ਹੈ। ਹਰ ਸਾਲ ਵਾਤਾਵਰਨ ਵਿੱਚ ਹੋਣ ਵਾਲੀ ਤਬਦੀਲੀ ਦਾ ਇਨ੍ਹਾਂ ਦੀ ਪੈਦਾਵਰ 'ਤੇ ਵੀ ਕੋਈ ਵਿਸ਼ੇਸ਼ ਅਸਰ ਨਹੀਂ ਹੁੰਦਾ ਹੈ। ਸੋਕੇ ਦੌਰਾਨ ਵੀ ਇਨ੍ਹਾਂ ਦੀ ਪੈਦਾਵਰ 'ਤੇ ਵਧੇਰੇ ਫਰਕ ਨਹੀਂ ਪੈਂਦਾ ਹੈ ਪਰ ਭਾਰਤ ਦੀ ਪ੍ਰਮੁੱਖ ਫ਼ਸਲ ਝੋਨੇ ਦੀ ਪੈਦਾਵਰ 'ਤੇ ਖ਼ਰਾਬ ਮੌਸਮ ਦਾ ਮਾੜਾ ਅਸਰ ਸਭ ਤੋਂ ਵੱਧ ਪੈਂਦਾ ਹੈ।

ਵਾਤਾਵਰਨ ਸਬੰਧੀ ਅੰਕੜਿਆਂ ਦੇ ਮਾਹਿਰ ਕਾਇਲ ਡੇਵਿਸ ਨੇ ਕਿਹਾ, ''ਇੱਕ ਫ਼ਸਲ (ਝੋਨਾ) 'ਤੇ ਵੱਧ ਤੋਂ ਵੱਧ ਨਿਰਭਰ ਰਹਿਣ ਕਾਰਨ ਭਾਰਤ ਦੀ ਖ਼ੁਰਾਕ ਸਪਲਾਈ ਵਾਤਾਵਰਨ ਤਬਦੀਲੀਆਂ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ।''

ਭਾਰਤ ਵਿੱਚ ਤਾਪਮਾਨ ਅਤੇ ਮੀਂਹ ਦੀ ਮਾਤਰਾ ਹਰ ਸਾਲ ਬਦਲਦੀ ਰਹਿੰਦੀ ਹੈ ਅਤੇ ਫ਼ਸਲਾਂ ਦੀ ਪੈਦਾਵਰ ਵੀ ਪ੍ਰਭਾਵਿਤ ਕਰਦੀ ਹੈ। ਭਾਰਤ ਵਿੱਚ ਸੋਕਾ ਅਤੇ ਤੂਫ਼ਾਨ ਜਿਹੀਆਂ ਮੌਸਮੀ ਆਫ਼ਤਾਂ ਵਧਣ ਕਾਰਨ ਹੁਣ ਲਾਜ਼ਮੀ ਹੋ ਗਿਆ ਹੈ ਕਿ ਦੇਸ਼ ਵਿੱਚ ਅਨਾਜ ਦੀ ਪੈਦਾਵਰ ਨੂੰ ਇਨ੍ਹਾਂ ਤੋਂ ਬਚਾਉਣ ਲਈ ਪ੍ਰਬੰਧ ਕੀਤੇ ਜਾਣ।

# ਦਿੱਲੀ ਵਿਚ ਪੁਲਿਸ ਦੁਆਰਾ ਸਿੱਖ ਪਿਉ-ਪੁੱਤ ਦੀ ਕੁੱਟਮਾਰ, ਦਿੱਲੀ ਪੁਲਿਸ ਵੱਲੋਂ ਦੋਹਾਂ ਧਿਰਾਂ ਖ਼ਿਲਾਫ਼ ਕੇਸ ਦਰਜ

(ਸਫਾ 1 ਦੀ ਬਾਕੀ)

ਆਉਣ 'ਤੇ ਕੇਸਾਂ ਵਿੱਚ ਹੋਰ ਧਾਰਾਵਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਸੂਤਰਾਂ ਮੁਤਾਬਕ ਆਟੋ ਚਾਲਕ ਦੇ ਨਾਬਾਲਗ ਪੁੱਤਰ ਖ਼ਿਲਾਫ਼ ਵੀ ਕੇਸ ਦਰਜ ਹੋ ਸਕਦਾ ਹੈ। ਸਰਬਜੀਤ ਸਿੰਘ ਨੇ ਜਾਨੋਂ ਮਾਰਨ ਦੀ ਧਮਕੀ, ਸੱਟਾਂ ਮਾਰਨ ਤੇ ਧਾਰਮਿਕ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਦੀ ਸ਼ਿਕਾਇਤ ਕੀਤੀ ਹੈ। ਆਟੋ ਚਾਲਕ ਦੇ ਨਾਬਾਲਗ ਪੁੱਤਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੇ ਪੁਲੀਸ ਦਾ ਘੇਰਾ ਤੋੜਨ ਲਈ ਆਟੋ ਪੁਲੀਸ ਵਾਲਿਆਂ ਵਿੱਚ ਮਾਰਿਆ, ਜਿਸ ਤੋਂ ਘੇਰਾ ਟੁੱਟਿਆ। ਸਰਬਜੀਤ ਸਿੰਘ ਨੇ ਦੱਸਿਆ ਕਿ ਪੁਲੀਸ ਵਾਲੇ ਨੇ ਪਹਿਲਾਂ ਉਸ ਨੂੰ ਅਸ਼ਬਦ ਬੋਲੇ, ਜਿਸ ਤੋਂ ਬਾਅਦ ਉਸ ਨੇ ਆਪਣੇ ਬਚਾਓ ਦੀ ਕੋਸ਼ਿਸ਼ ਕੀਤੀ।

ਡੀਸੀਪੀ ਨੇ ਦੱਸਿਆ ਕਿ ਗ੍ਰਾਮੀਣ ਆਟੋ ਚਾਲਕ ਦਾ ਟੈਂਪੂ ਪੁਲੀਸ ਦੀ ਗੱਡੀ ਨਾਲ ਟਕਰਾ ਗਿਆ ਸੀ। ਇਸ ਪਿੱਛੋਂ ਤਕਰਾਰ ਵਧੀ ਤੇ ਇਸੇ ਦੌਰਾਨ ਚਾਲਕ ਨੇ ਤਲਵਾਰ ਕੱਢ ਲਈ, ਜਿਸ ਪਿੱਛੋਂ ਘਟਨਾ ਨੇ ਖ਼ੂਨੀ ਝੜਪ ਦਾ ਰੂਪ ਲੈ ਲਿਆ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਜਾਂਚ ਮਗਰੋਂ ਮੁਖਰਜੀ ਨਗਰ ਥਾਣੇ 'ਚ ਤਾਇਨਾਤ ਏਐਸਆਈ ਸੰਜੇ ਮਲਿਕ, ਏਐਸਆਈ ਦਵਿੰਦਰ ਤੇ ਸਿਪਾਹੀ ਪੁਸ਼ਪਿੰਦਰ ਨੂੰ ਮਾੜੇ ਵਰਤਾਓ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਡੀਸੀਪੀ ਉੱਤਰੀ-ਪੱਛਮੀ ਜ਼ਿਲ੍ਹਾ ਵਿਜੇਤਾ ਸਿੰਘ ਨੇ ਵੱਖਰੀ ਜਾਂਚ ਸ਼ੁਰੂ ਕਰਵਾਈ ਹੈ ਜਿਸ ਨੂੰ ਵਧੀਕ ਡਿਪਟੀ ਕਮਿਸ਼ਨਰ ਤੇ ਸਹਾਇਕ ਪੁਲੀਸ ਕਮਿਸ਼ਨਰ ਦੇਖਣਗੇ।

### ਕੈਪਟਨ ਨੇ ਸ਼ਾਹ ਦਾ ਦਖ਼ਲ ਮੰਗਿਆ

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਟੋ ਚਾਲਕ ਪਿਤਾ ਅਤੇ ਪੁੱਤਰ ਦੀ ਦਿੱਲੀ ਪੁਲੀਸ ਵੱਲੋਂ ਕੀਤੀ ਕੁੱਟਮਾਰ ਦੀ ਸਖਤ ਨਿਖੇਧੀ ਕੀਤੀ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਮਾਮਲੇ ਵਿਚ ਦਖਲ ਦੇਣ ਅਤੇ ਪੀੜਤਾਂ ਨੂੰ ਇਨਸਾਫ ਦਿਵਾਉਣ ਦੀ ਮੰਗ ਕੀਤੀ ਹੈ।

# ਸ੍ਰੀ ਮੁਕਤਸਰ ਵਿਚ ਦੋ ਔਰਤਾਂ ਦੀ ਕੁੱਟਮਾਰ, ਕਾਂਗਰਸੀ ਕੌਂਸਲਰ ਅਤੇ ਕਈ ਹੋਰ ਗ੍ਰਿਫ਼ਤਾਰ

(ਸਫਾ 1 ਦੀ ਬਾਕੀ)

ਸਨੀ ਚੌਧਰੀ, ਸੇਖ਼ ਉਰਫ਼ ਰਿਸ਼ੂ, ਜੈਬੋ ਉਰਫ਼ ਸਲੀਮ ਅਤੇ ਗੁੱਡੀ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਪੰਜ ਜਣਿਆਂ ਦਾ ਦੋ ਦਿਨਾਂ ਦਾ ਪੁਲੀਸ ਰਿਮਾਂਡ ਦਿੱਤਾ ਹੈ ਜਦੋਂਕਿ ਮੁਲਜ਼ਮ ਗੁੱਡੀ ਨੂੰ 11 ਦਿਨਾਂ ਦੇ ਜੁਡੀਸ਼ਲ ਰਿਮਾਂਡ 'ਤੇ ਜੇਲ੍ਹ ਭੇਜ ਦਿੱਤਾ ਹੈ।

ਇਸ ਮਾਮਲੇ ਸਬੰਧੀ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਮੁਕਤਸਰ ਦੇ ਸੀਨੀਅਰ ਪੁਲੀਸ ਕਪਤਾਨ ਮਨਜੀਤ ਸਿੰਘ ਢੇਸੀ ਅਤੇ ਥਾਣਾ ਸਿਟੀ ਦੇ ਮੁਖੀ ਅਸ਼ੋਕ ਕੁਮਾਰ ਨੂੰ 20 ਜੂਨ ਨੂੰ ਸਵੇਰੇ 11 ਵਜੇ ਆਪਣੇ ਚੰਡੀਗੜ੍ਹ ਸਥਿਤ ਦਫ਼ਤਰ ਵਿਚ ਮਾਮਲੇ ਸਬੰਧੀ ਸਾਰਾ ਰਿਕਾਰਡ ਲੈ ਕੇ ਹਾਜ਼ਰ ਹੋਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਸੰਗੀਨ ਮਾਮਲਾ ਹੈ ਤੇ ਦੋਸ਼ੀਆਂ ਨਾਲ ਨਰਮਾਈ ਨਹੀਂ ਵਰਤੀ ਜਾਵੇਗੀ।

ਇਸ ਦੌਰਾਨ ਵੱਡੀ ਗਿਣਤੀ ਬੁੱਧੀਜੀਵੀਆਂ, ਲੇਖਕਾਂ, ਸਿਆਸੀ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਖ਼ਿਲਾਫ਼ ਸਖ਼ਤ ਸਜ਼ਾ ਦੀ ਮੰਗ ਕੀਤੀ ਹੈ। ਦਿੱਲੀ ਯੂਨੀਵਰਸਿਟੀ ਦੇ ਡਾ. ਰਵੀ, ਯੂਨਾਈਟਿਡ ਕਮਿਊਨਿਸਟ ਪਾਰਟੀ ਦੇ ਸੂਬਾ ਪ੍ਰਧਾਨ ਕਾਮਰੇਡ ਬਲਜੀਤ ਭੁੱਲਰ, ਡਾ. ਅੰਬੇਡਕਰ ਥਿੰਕਰਜ਼ ਫੋਰਮ ਦੇ ਸੂਬਾਈ ਸਪੋਕਸਮੈਨ ਐਡਵੋਕੇਟ ਬਲਵੰਤ ਸਿੰਘ ਭਾਟੀਆ, ਮੁਕਤਸਰ ਦੇ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਬਸਪਾ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਗੜ੍ਹੀ, ਡਾ. ਗੁਰਚਰਨ ਸਿੰਘ, ਸੀਪੀਐੱਮ ਦੇ ਅਪਾਰ ਸੰਧੂ, ਸੁਰਜੀਤ ਸਿੰਘ ਘੱਗਾ, ਕਾਮਰੇਡ ਅਲਬੇਲ ਸਿੰਘ, ਝਬੇਲਵਾਲੀ, ਤਰਸੇਮ ਲਾਲ, ਕਾਮਰੇਡ ਇੰਦਰਜੀਤ ਸਿੰਘ, ਹਰੀ ਰਾਮ ਚੱਕ ਸ਼ੇਰੇ ਵਾਲਾ, ਕਾਮਰੇਡ ਖਰੈਤੀ ਲਾਲ, ਸਤਿਕਾਰ ਕਮੇਟੀ ਦੇ ਆਗੂ ਮਨਜੀਤ ਖੋਸਾ, 'ਆਪ' ਦੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਤੇ ਕੋਟਕਪੂਰਾ ਤੋਂ ਕੁਲਤਾਰ ਸਿੰਘ ਸੰਧਵਾਂ ਨੇ ਪੀੜਤ ਮਹਿਲਾਵਾਂ ਦਾ ਹਾਲ-ਚਾਲ ਪੁੱਛਿਆ ਅਤੇ ਪ੍ਰਸ਼ਾਸਨ ਤੋਂ ਮੁਲਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਇਸੇ ਦੌਰਾਨ ਮੁੱਖ ਮੁਲਜ਼ਮ ਕੌਂਸਲਰ ਰਾਕੇਸ਼ ਚੌਧਰੀ ਇਕ ਵੀਡੀਓ ਵਾਇਰਲ ਕਰਕੇ ਇਸ ਘਟਨਾ ਨੂੰ ਮਾਮੂਲੀ ਦੱਸ ਰਿਹਾ ਸੀ। ਵੀਡੀਓ 'ਚ ਉਹ ਕਹਿ ਰਿਹਾ ਸੀ ਕਿ ਉਸ ਦਾ ਭਰਾ ਬੇਸਬਾਲ ਜਾਂ ਤਲਵਾਰਾਂ ਲੈ ਕੇ ਨਹੀਂ ਗਿਆ ਸੀ। ਕਿਸੇ ਗੱਲ ਕਾਰਨ ਉੱਥੇ ਉਨ੍ਹਾਂ ਨੂੰ ਗੁੱਸਾ ਆ ਗਿਆ ਤਾਂ ਗੱਲ ਹੱਥੋਪਾਈ ਤੋਂ ਬਾਅਦ ਕੁੱਟਮਾਰ ਤੱਕ ਪੁੱਜ ਗਈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਸਿਆਸੀ ਵਿਰੋਧੀ ਇਸ ਮਸਲੇ ਨੂੰ ਜਾਣ-ਬੁੱਝ ਕੇ ਤੂਲ ਦੇ ਰਹੇ ਹਨ।

### ਹਿੰਸਕ ਘਟਨਾਵਾਂ ਬਰਦਾਸ਼ਤ ਨਹੀਂ ਹੋਣਗੀਆਂ: ਮੁੱਖ ਮੰਤਰੀ

ਮੁਕਤਸਰ ਦੀ ਘਟਨਾ ਬਾਰੇ ਮੁੱਖ ਮੰਤਰੀ ਨੇ ਟਵੀਟ ਕੀਤਾ ਹੈ, ''ਵੀਡੀਓ ਵਿਚਲੇ ਮੁਲਜ਼ਮ ਨੂੰ ਪੰਜਾਬ ਪੁਲੀਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਆਈਪੀਸੀ ਦੀ ਧਾਰਾ 307 ਅਧੀਨ ਹੱਤਿਆ ਕਰਨ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਗਿਆ ਹੈ। ਕਾਨੂੰਨ ਤੋਂ ਉਪਰ ਕੋਈ ਵੀ ਨਹੀਂ ਹੈ ਤੇ ਅਜਿਹੀਆਂ ਹਿੰਸਕ ਘਟਨਾਵਾਂ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।''

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਫਾਦਰਜ਼ ਡੇਅ ਮਨਾਇਆ ਗਿਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਦੇ ਸੱਦੇ 'ਤੇ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ, ਯੂਬਾ ਸਿਟੀ ਵਿਖੇ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਖੁਸ਼ੀਆਂ ਤੇ ਉਤਸ਼ਾਹ ਭਰੇ ਮਾਹੌਲ ਵਿਚ ਫਾਦਰਜ਼ ਡੇਅ ਮਨਾਇਆ ਗਿਆ। ਸੰਗਤਾਂ ਨੇ ਵੱਡੀ ਗਿਣਤੀ ਵਚ ਹਿੱਸਾ ਲਿਆ। ਵੱਖ-ਵੱਖ ਬੁਲਾਰਿਆਂ ਸੰਤੋਖ ਸਿੰਘ ਗਿੱਲ, ਭੁਪਿੰਦਰ ਭਿੰਦਾ, ਪ੍ਰੇਮ ਲਾਲ ਸੌਂਧੀ, ਮੋਹਨ ਲਾਲ ਗਿੱਲ ਵੱਲੋਂ ਵਿਚਾਰ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਭੁਪਿੰਦਰ ਭਿੰਦਾ, ਬਲਵੀਰ ਸੋਨੀ, ਰੋਹਤਾਸ਼ ਭਗਾਣੀਆਂ, ਵਿਸ਼ਾਲ ਸ਼ਰਬਤੀ ਤੇ ਛੋਟੀ ਜਿਹੀ ਬੱਚੀ ਮਿਸ ਭਗਾਣੀਆ ਵੱਲੋਂ ਆਪਣੀਆਂ ਆਵਾਜ਼ਾਂ 'ਚ ਸ਼ਬਦ ਗਾਇਨ ਵੀ ਕੀਤਾ ਗਿਆ। ਰਮਾਇਣ ਸਾਹਿਬ ਦੇ ਪਾਠ ਪੜ੍ਹੇ ਗਏ ਤੇ ਅਰਦਾਸ ਆਰਤੀ ਵੀ ਕੀਤੀ ਗਈ। ਇਸੇ ਸਾਲ ਦੇ ਸੈਸ਼ਨ ਦੌਰਾਨ ਦੋ ਬੱਚੇ ਦਾਨਸ਼ ਮਲਹੋਤਰਾ ਅਤੇ ਅਮੀਸ਼ਾ ਥਾਪਰ ਹਾਈ ਸਕੂਲ 'ਚੋਂ ਗ੍ਰੈਜੂਏਟ ਹੋਏ। ਦੋਹਾਂ ਪਰਿਵਾਰਾਂ ਵੱਲੋਂ ਬੱਚਿਆਂ ਦੀ ਗ੍ਰੈਜੂਏਸ਼ਨ ਦੀ ਖੁਸ਼ੀ 'ਚ ਭਗਵਾਨ ਵਾਲਮੀਕ ਜੀ ਦੇ ਚਰਨਾਂ 'ਚ ਹਾਜਰੀਆਂ ਲਗਵਾਈਆਂ ਤੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਗਿਆ। ਅੱਜ ਦੇ ਲੰਗਰਾਂ ਤੇ ਪ੍ਰਸ਼ਾਦ ਦੀ ਸੇਵਾ ਵੀ ਇਨ੍ਹਾਂ ਦੋਹਾਂ ਪਰਿਵਾਰਾਂ ਵੱਲੋਂ ਬਹੁਤ ਹੀ ਖੁਸ਼ੀਆਂ ਅਤੇ ਉਤਸ਼ਾਹ ਨਾਲ ਕੀਤੀ ਗਈ। ਬੁਲਾਰਿਆਂ ਸਮੇਤ ਸਮੂਹ ਸੰਗਤਾਂ ਨੇ ਬੱਚਿਆਂ ਦੀ ਗ੍ਰੈਜੂਏਸ਼ਨ ਦੀਆਂ ਬੱਚਿਆਂ ਅਤੇ ਮਾਪਿਆਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ। ਸਮੂਹ ਬੁਲ-ਾਰਿਆਂ ਨੇ ਡਾ. ਬੀ. ਆਰ. ਅੰਬੇਦਕਰ ਜੀ ਦੇ ਨਾਅਰੇ ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ 'ਤੇ ਜ਼ੋਰ ਦਿੰਦਿਆਂ ਸਮੂਹ ਮਾਪਿਆਂ ਨੂੰ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣ ਤੇ ਬੱਚਿਆਂ ਨੂੰ ਵੱਧ ਤੋਂ ਵੱਧ ਉੱਚ ਸਿੱਖਿਆ ਹਾਸਲ ਕਰਕੇ ਆਪਣੇ ਸਮਾਜ ਦਾ ਨਾਂ ਉੱਚਾ ਕਰਨ ਦੇ ਨਾਲ ਨਾਲ ਸਮਾਜ ਦੀ ਸੇਵਾ ਕਰਨ ਦੀ ਵੀ ਬੇਨਤੀ ਕੀਤੀ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਜੀ ਨੇ ਸਮੂਏ ਸੰਗਤਾਂ ਦਾ ਧੰਨਵਾਦ ਕਰਦਿਆਂ ਹੋਇਆਂ ਅਪੀਲ ਕੀਤੀ ਕਿ ਮੰਦਰ ਦੀ ਡਿਵੈਲਪਮੈਂਟ ਲਈ ਆਪਣੀ ਨੇਕ ਕਮਾਈ 'ਚੋਂ ਸਮਰੱਥਾ ਅਨੁਸਾਰ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ।

**(ਤਸਵੀਰਾਂ ਦੇਖੋ ਸਫਾ 13 'ਤੇ)**

# ਐਲਬਾਕਰਕੀ ਨਿਊ-ਮੈਕਸੀਕੋ ਸੀਨੀਅਰ ਖੇਡਾਂ ਵਿੱਚ ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਚਮਕਾਇਆ ਭਾਈਚਾਰੇ ਦਾ ਨਾਮ

**ਫਰਿਜ਼ਨੋ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਅਮਰੀਕਾ ਦੀ ਨਿਊ-ਮੈਕਸੀਕੋ ਸਟੇਟ ਦੇ ਸੋਹਣੇ ਸ਼ਹਿਰ ਐਲਬਾਕਰਕੀ ਵਿੱਚ 16 ਵੀਆਂ ਯੂਐਸਏ ਨੈਸ਼ਨਲ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਪੂਰੇ ਅਮਰੀਕਾ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ।ਇਹ ਖੇਡਾਂ ਸਥਾਨਿਕ ਗਰਾਊਂਡਾ ਵਿੱਚ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ ਫਰਿਜ਼ਨੋ ਸ਼ਹਿਰ ਦੇ ਪੰਜਾਬੀ ਸੀਨੀਅਰ ਗੱਭਰੂ ਗੁਰਬਖਸ਼ ਸਿੰਘ ਸਿੱਧੂ ਨੇ ਵੀ ਹਿੱਸਾ ਲਿਆ ਤੇ 41.33 ਮੀਟਰ ਹੈਂਮਰ ਥਰੋ ਕਰਕੇ ਸਿਲਵਰ ਮੈਡਲ ਆਪਣੇ ਨਾਮ ਕੀਤਾ । ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਗੁਰਬਖਸ਼ ਸਿੱਧੂ ਪਿਛਲੇ ਲੰਮੇ ਸਮੇਂ ਤੋਂ ਆਪਣੇ ਖ਼ਰਚੇ ਤੇ ਪੂਰੇ ਅਮਰੀਕਾ ਭਰ ਵਿੱਚ ਸੀਨੀਅਰ ਗੇਮਾਂ ਵਿੱਚ ਹਿੱਸਾ ਲੈਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕਰਦਾ ਆ ਰਿਹਾ ਹੈ।



# ਅਮਰੀਕਾ 'ਚ ਐੱਚ-4 ਵੀਜ਼ਾਧਾਰਕਾਂ ਦੀ ਨੌਕਰੀ 'ਤੇ ਫਿਲਹਾਲ ਖ਼ਤਰਾ ਨਹੀਂ

**ਵਾਸ਼ਿੰਗਟਨ–** ਅਮਰੀਕਾ 'ਚ ਅਜੇ ਐੱਚ-4 ਵੀਜ਼ਾਧਾਰਕਾਂ ਤੋਂ ਰੁਜ਼ਗਾਰ ਦਾ ਅਧਿਕਾਰ ਵਾਪਸ ਲੈਣ ਸਬੰਧੀ ਨਿਯਮਾਂ ਨੂੰ ਆਖਰੀ ਰੂਪ ਨਹੀਂ ਦਿੱਤਾ ਜਾ ਸਕਿਆ। ਇਸ ਲਈ ਅਜਿਹੇ ਲੋਕ ਪਹਿਲਾਂ ਵਾਂਗ ਹੀ ਨੌਕਰੀ ਕਰਦੇ ਰਹਿ ਸਕਣਗੇ। ਅਮਰੀਕਾ 'ਚ ਐੱਚ-1ਬੀ ਵੀਜ਼ਾ ਧਾਰਕਾਂ ਦੇ ਪਤੀKਪਤਨੀ ਨੂੰ ਐੱਚ-4 ਵੀਜ਼ਾ ਦਿੱਤਾ ਜਾਂਦਾ ਹੈ। ਐੱਚ1ਬੀ ਵੀਜ਼ਾਧਾਰਕਾਂ 'ਚ ਵੱਡੇ ਪੱਧਰ 'ਤੇ ਭਾਰਤੀ ਆਈਟੀ ਪੇਸ਼ੇਵਰ ਹਨ।

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ 'ਚ ਕੁਝ ਐੱਚ-4 ਵੀਜ਼ਾਧਾਰਕਾਂ ਨੂੰ ਰੁਜ਼ਗਾਰ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਕੀਤਾ ਗਿਆ ਸੀ। ਸੱਤਾ ਸੰਭਾਲਣ ਦੇ ਫ਼ੌਰੀ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਉਹ ਇਸ ਤਰ੍ਹਾਂ ਦੇ ਪ੍ਰਬੰਧ ਖ਼ਤਮ ਕਰਨ ਦੀ ਯੋਜਨਾ ਬਣਾ ਰਹੇ ਹਨ। ਹਾਲਾਂਕਿ ਹੁਣ ਤਕ ਇਸ ਸਬੰਧੀ ਨਿਯਮਾਂ ਨੂੰ ਆਖ਼ਰੀ ਰੂਪ ਨਹੀਂ ਦਿੱਤਾ ਜਾ ਸਕਿਆ। ਟਰੰਪ ਪ੍ਰਸ਼ਾਸਨ ਪਿਛਲੇ ਦੋ ਸਾਲਾਂ ਤੋਂ ਇਸ ਸਬੰਧੀ ਨੋਟੀਫਿਕੇਸ਼ਨ ਨੂੰ ਕਈ ਵਾਰ ਟਾ.ਲ ਚੁੱਕਿਆ ਹੈ। ਇਕ ਅਧਿਕਾਰੀ ਮੁਤਾਬਕ, ਇਮੀਗ੍ਰੇਸ਼ਨ ਅਧਿਕਾਰੀ ਪਹਿਲਾਂ ਵਾਂਗ ਹੀ ਰੁਜ਼ਗਾਰ ਆਧਾਰਿਤ ਵੀਜ਼ੇ ਦੀ ਸ਼੍ਰੇਣੀ 'ਚ ਐੱਚ-4 ਵੀਜ਼ੇ ਦੀ ਸਮੀਖਿਆ ਕਰ ਰਹੇ ਹਨ। ਐੱਚ-4 ਵੀਜ਼ਾਧਾਰਕਾਂ ਦੀ ਨੌਕਰੀ 'ਤੇ ਰੋਕ ਦੇ ਨਿਯਮਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਿਆ ਹੈ। ਹੁਣੇ ਜਿਹੇ ਅਮਰੀਕਾ ਦੇ ਗ੍ਰਹਿ ਮੰਤਰਾਲੇ ਨੇ ਆਪਣੇ ਸਾਲਾਨਾ ਏਜੰਡੇ 'ਚ ਫਿਰ ਐੱਚ-4 ਵੀਜ਼ਾਧਾਰਕਾਂ ਨੂੰ ਰੁਜ਼ਗਾਰ ਦੀ ਇਜਾਜ਼ਤ ਦੇਣ ਦਾ ਪ੍ਰਬੰਧ ਖ਼ਤਮ ਕਰਨ 'ਤੇ ਜ਼ੋਰ ਦਿੱਤਾ ਸੀ।




# ਬਸਪਾ ਨੇ ਸੂਬੇ ਅਤੇ ਦੇਸ਼ ਦੀ ਬਿਗੜੀ ਕਾਨੂੰਨ ਵਿਵਸਥਾ ਦੇ ਵਿਰੋਧ 'ਚ ਫੂਕਿਆ ਕੈਪਟਨ ਅਤੇ ਮੋਦੀ ਸਰਕਾਰ ਦਾ ਪੁਤਲਾ

**ਲੁਧਿਆਣਾ–** ਬਹੁਜਨ ਸਮਾਜ ਦੇ ਜਿਲਾ ਪ੍ਰਧਾਨ ਪ੍ਰਗਣ ਬਿਲਗਾ ਦੀ ਅਗਵਾਈ ਹੇਠ ਅੱਜ ਬਸਤੀ ਜੋਧੇਵਾਲ ਚੌਂਕ ਵਿਖੇ ਇੱਕਠੇ ਹੋਏ ਪਾਰਟੀ ਵਰਕਰਾਂ ਨੇ ਸੂਬੇ ਦੀ ਕੈਪਟਨ ਸਰਕਾਰ ਅਤੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ ਤੇ ਦੋਵਾਂ ਸਰਕਾਰਾਂ ਦਾ ਪੁਤਲਾ ਫੂਕਿਆ। ਦੋਵਾਂ ਸਰਕਾਰਾਂ ਦੀਆਂ ਨਲਾਇਕੀਆਂ ਅਤੇ ਬਿਗੜੀ ਕਾਨੂੰਨ ਵਿਵਸਥਾ ਨੂੰ ਲੈ ਕੇ ਕੀਤੇ ਪੁਤਲਾ ਫੂਕ ਪ੍ਰਦਰਸ਼ਨ ਵਿੱਚ ਬਸਪਾ ਤੋਂ ਇਲਾਵਾ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਿਲਾ ਪ੍ਰਧਾਨ ਜੱਥੇਦਾਰ ਜਸਵੰਤ ਸਿੰਘ ਚੀਮਾ ਅਤੇ ਲੋਕ ਇਨਸਾਫ ਪਾਰਟੀ ਦੇ ਸੀਨੀਅਰ ਸੂਬਾਈ ਆਗੂ ਜਸਵਿੰਦਰ ਸਿੰਘ ਖਾਲਸਾ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਬਿਲਗਾ ਨੇ ਕਿਹਾ ਕਿ ਈ ਵੀ ਐਮ ਰਾਹੀਂ ਕੀਤੇ ਘੁਟਾਲੇ ਵਿੱਚੋਂ ਪੈਦਾ ਹੋਈਆਂ ਦੋਵੇਂ ਸਰਕਾਰਾਂ ਹਰ ਫਰੰਟ ਤੇ ਫੇਲ ਹਨ। ਉਹਨਾਂ ਕਿਹਾ ਕਿ ਚਾਹੇ ਦਿੱਲੀ ਵਿਖੇ ਦੋ ਸਿੱਖ ਪਿਓ ਪੁੱਤ ਦੀ ਕੁੱਟਮਾਰ ਦਾ ਤਾਜਾ ਮਾਮਲਾ ਹੋਵੇ ਜਾਂ ਦੇਸ਼ ਭਰ ਵਿੱਚ ਹੋਰਨਾਂ ਥਾਵਾਂ ਤੇ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਤੇ ਹੋ ਰਹੇ ਅੱਤਿਆਚਾਰ ਦੀਆਂ ਘਟਨਾਵਾਂ ਦਾ ਹੋਵੇ ਜਾਂ ਆਮ ਲੋਕਾਂ ਦੀ ਸੁਰੱਖਿਆ ਨਾਲ ਜੁੜੇ ਪਹੇਲੂਆਂ ਦਾ ਹੋਵੇ ਏਹ ਸਰਕਾਰ ਦੀ ਕਾਰਗੁਜਾਰੀ ਨਿੰਦਣਯੋਗ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਵਾਪਰੀਆਂ ਤਾਜਾ ਉਦਾਹਰਨਾਂ ਨੂੰ ਹੀ ਲੈ ਲਿਆ ਜਾਵੇ ਤਾਂ ਕੈਪਟਨ ਸਰਕਾਰ ਇਸਤੋਂ ਵੀ ਦੋ ਕਦਮ ਅੱਗੇ ਦਿਖਾਈ ਦੇ ਰਹੀ ਹੈ ਜਿਸਦੇ ਆਗੂ ਲੋਕਾਂ ਨੂੰ ਚੰਗਾ ਸ਼ਾਸਨ ਦੇਣ ਦੀ ਬਜਾਏ ਗੁੰਡਾਗਰਦੀ ਦੇ ਉੱਤਰ ਆਏ ਹਨ। ਉਹਨਾਂ ਕਿਹਾ ਕਿ ਦੋਵੇਂ ਸਰਕਾਰਾਂ ਲੋਕਾਂ ਮੁੱਢਲੀਆਂ ਸਹੂਲਤਾਂ ਦੇਣ ਤੋਂ ਵੀ ਨਾਕਾਮ ਹੋ ਗਈਆਂ ਹਨ ਅਤੇ ਜੇਕਰ ਅਧਿਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਵਿਚਾਰ ਪ੍ਰਗਟ ਕਰਨ ਵਰਗੇ ਮੁੱਢਲੇ ਅਧਿਕਾਰ ਉੱਤੇ ਮਾਰੂ ਹਮਲੇ ਹੋ ਰਹੇ ਹਨ। ਉਹਨਾਂ ਕਿਹਾ ਕਿ ਇਸ ਲਈ ਇਹਨਾਂ ਦੋਵਾਂ ਸਰਕਾਰਾਂ ਨੂੰ ਹੁਣ ਸੱਤਾ ਵਿੱਚ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ ਅਤੇ ਲੋਕਾਂ ਨੂੰ ਇਹਨਾਂ ਸਰਕਾਰਾਂ ਨੂੰ ਲੀਹੇ ਪਾਉਣ ਲਈ ਹੁਣ ਸੜਕਾਂ ਤੇ ਉੱਤਰਨਾ ਹੀ ਹੋਵੇਗਾ। ਇਸ ਮੌਕੇ ਚਰਨ ਦਾਸ ਮਾਂਗਟ, ਤੀਰਥ ਸਮਰਾ, ਜੱਥੇਦਾਰ ਹਰਜਿੰਦਰ ਸਿੰਘ, ਨਰੇਸ਼ ਬਸਰਾ, ਲਿਪ ਆਗੂ ਰਾਜੂ, ਜਸਵੀਰ ਪੌਲ, ਸੁਰਜੀਤ ਕਾਰਾਬਾਰਾ, ਜਸਵਿੰਦਰ ਜੱਸਾ, ਗੁਲਸ਼ਨ ਪੌਲ, ਸੁਖਦੇਵ ਕਾਲਾ ਅਤੇ ਹੋਰ ਹਾਜਰ ਸਨ।



# ਆਈ.ਐਮ.ਏ. ਫਗਵਾੜਾ ਨੇ ਸੇਵਾਵਾਂ ਬੰਦ ਰੱਖ ਕੇ ਕੀਤਾ ਰਾਸ਼ਟਰ ਪੱਧਰੀ ਹੜਤਾਲ ਦਾ ਸਮਰਥਨ

**ਫਗਵਾੜਾ (ਬੀ ਕੇ ਰੱਤੂ)–** ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਵਲੋਂ ਦਿੱਤੇ ਗਏ ਹੜਤਾਲ ਦੇ ਸੱਦੇ ਤੇ ਅੱਜ ਆਈ.ਐਮ.ਏ. ਫਗਵਾੜਾ ਨੇ ਓ.ਪੀ.ਡੀ. ਨੂੰ ਪੂਰੀ ਤਰ੍ਹਾਂ ਬੰਦ ਰੱਖਿਆ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਮਰੀਜਾਂ ਲਈ ਸਿਰਫ ਐਮਰਜੇਂਸੀ ਸੇਵਾਵਾਂ ਹੀ ਉਪਲੱਬਧ ਸਨ। ਇਸ ਮੌਕੇ ਆਈ.ਐਮ.ਏ. ਫਗਵਾੜਾ ਦੇ ਪ੍ਰਧਾਨ ਡਾ. ਐਸ. ਰਾਜਨ ਨੇ ਦੱਸਿਆ ਕਿ ਅੱਜ ਫਗਵਾੜਾ ਦੇ ਕਰੀਬ 200 ਡਾਕਟਰਾਂ ਨੇ ਆਪਣੀਆਂ ਸੇਵਾਵਾਂ ਬੰਦ ਰੱਖ ਕੇ ਪੱਛਮੀ ਬੰਗਾਲ 'ਚ ਡਾਕਟਰ ਨਾਲ ਹੋਈ ਕੁੱਟਮਾਰ ਪ੍ਰਤੀ ਤਿੱਖੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਕਿਹਾ ਕਿ ਕੋਈ ਵੀ ਡਾਕਟਰ ਇਹ ਨਹੀਂ ਚਾਹੁੰਦਾ ਕਿ ਉਸਦੇ ਮਰੀਜ ਨੂੰ ਕੋਈ ਪਰੇਸ਼ਾਨੀ ਹੋਵੇ ਜਾਂ ਉਸਦੀ ਬਿਮਾਰੀ ਠੀਕ ਨਾ ਹੋਵੇ ਪਰ ਕਈ ਵਾਰ ਉਮੀਦ ਮੁਤਾਬਕ ਨਤੀਜੇ ਨਾਲ ਮਿਲਣ ਕਾਰਨ ਮਰੀਜ ਦੇ ਪਰਿਵਾਰਕ ਮੈਂਬਰਾਂ ਵਲੋਂ ਹਸਪਤਾਲਾਂ ਵਿਚ ਭੰਨ-ਤੋੜ ਅਤੇ ਡਾਕਟਰਾਂ ਤੇ ਜਾਨਲੇਵਾ ਹਮਲਾ ਕੀਤਾ ਜਾਂਦਾ ਹੈ ਜਿਸ ਨਾਲ ਡਾਕਟਰਾਂ ਵਿਚ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਹੋ ਜਾਂਦਾ ਹੈ। ਕੋਈ ਵੀ ਡਾਕਟਰ ਡਰ ਜਾਂ ਦਹਿਸ਼ਤ ਵਿਚ ਠੀਕ ਢੰਗ ਨਾਲ ਮਰੀਜ ਦਾ ਇਲਾਜ ਨਹੀਂ ਕਰ ਸਕਦਾ। ਉਹਨਾਂ ਅੱਜ ਦੀ ਹੜਤਾਲ ਦੇ ਚਲਦਿਆਂ ਮਰੀਜਾਂ ਨੂੰ ਹੋਈ ਮੁਸ਼ਕਲ ਲਈ ਖੇਦ ਦਾ ਪ੍ਰਗਟਾਵਾ ਵੀ ਕੀਤਾ। ਇਸ ਮੌਕੇ ਆਈ.ਐਮ.ਏ. ਦੇ ਸਾਬਕਾ ਪੰਜਾਬ ਪ੍ਰਧਾਨ ਡਾ. ਐਸ.ਪੀ.ਐਸ. ਸੂਚ ਨੇ ਕਿਹਾ ਕਿ ਸਰਕਾਰ ਨੂੰ ਇਕ ਸੈਂਟ੍ਰਲ ਲਾਅ ਬਨਾਉਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਡਾਕਟਰ ਜਾਂ ਹਸਪਤਾਲ ਨੂੰ ਨਿਸ਼ਾਨਾ ਬਨਾਉਣ ਦੀ ਸੂਰਤ ਵਿਚ ਸਖਤ ਕਾਨੂੰਨ ਲਾਗੂ ਹੋਵੇ। ਉਹਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਡਾਕਟਰਾਂ ਨੂੰ ਸੁਰੱਖਿਅਤ ਵਾਤਾਵਰਣ ਦਿੱਤਾ ਜਾਵੇ। ਹੜਤਾਲ ਨੂੰ ਇੰਡੀਅਨ ਡੈਂਟਲ ਐਸੋਸੀਏਸ਼ਨ, ਨੀਮਾ, ਜੁਆਇੰਟ ਐਸੋਸੀਏਸ਼ਨ, ਇੰਨਡਿਪੈਨਡੇਂਟ ਮੈਡੀਕਲ ਲੈਬ ਐਂਡ ਅਲਾਇਡ ਪ੍ਰੋਫੈਸ਼ਨਲਜ਼ ਵਲੋਂ ਵੀ ਪੂਰਾ ਸਮਰਥਨ ਦਿੱਤਾ ਗਿਆ। ਆਈ.ਐਮ.ਏ. ਵਲੋਂ ਹਲਕਾ ਐਮ.ਪੀ. ਸੋਮ ਪ੍ਰਕਾਸ਼ ਕੈਂਥ ਦੇ ਨਾਮ ਫਗਵਾੜਾ ਦੇ ਤਹਿਸੀਲਦਾਰ ਨੂੰ ਇਕ ਮੰਗ ਪੱਤਰ ਵੀ ਦਿੱਤਾ ਗਿਆ ਤਾਂ ਜੋ ਆਪਣੀ ਮੰਗ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਪਹੁੰਚਾਇਆ ਜਾ ਸਕੇ।




# ਪਰਮਾਣੂ ਹਥਿਆਰਾਂ ਦੀ ਗਿਣਤੀ ਘਟੀ, ਤਕਨੀਕ ਵਧੀ

ਸਟਾਕਹੋਮ- ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰ-ਸਟੀਚਿਊਟ (ਐਸਆਈਪੀਆਰ ਆਈ) ਦੀ ਇਕ ਰਿਪੋਰਟ ਅਨੁਸਾਰ ਪਿਛਲੇ ਸਾਲ ਦੌਰਾਨ ਸੰਸਾਰ ਭਰ ਵਿਚ ਪਰਮਾਣੂ ਹਥਿਆਰਾਂ ਦੀ ਗਿਣਤੀ ਭਾਵੇਂ ਘਟੀ ਹੈ ਪਰ ਵੱਖ ਵੱਖ ਦੇਸ਼ ਆਪਣੇ ਹਥਿਆਰ ਆਧੁਨਿਕ ਤਕਨੀਕ ਨਾਲ ਵੱਡੇ ਆਕਾਰ ਦੇ ਬਣਾ ਰਹੇ ਹਨ।

ਇਸ ਰਿਪੋਰਟ ਅਨੁਸਾਰ 2019 ਦੀ ਸ਼ੁਰੂਆਤ ਦੌਰਾਨ ਅਮਰੀਕਾ, ਰੂਸ, ਬਰਤਾਨੀਆ, ਫਰਾਂਸ, ਚੀਨ, ਭਾਰਤ, ਪਾਕਿਸਤਾਨ, ਇਜ਼ਰਾਈਲ ਤੇ ਉੱਤਰੀ ਕੋਰੀਆ ਕੋਲ ਕੁੱਲ 13,865 ਪਰਮਾਣੂ ਹਥਿਆਰ ਸਨ, ਜੋ ਕਿ ਸਾਲ 2018 ਦੇ ਮੁਕਾਬਲੇ 600 ਘੱਟ ਹਨ। ਰਿਪੋਰਟ ਅਨੁਸਾਰ ਹਥਿਆਰਾਂ ਦੀ ਗਿਣਤੀ ਭਾਵੇਂ ਘਟੀ ਹੈ ਪਰ ਪਰਮਾਣੂ ਹਥਿਆਰਾਂ ਵਾਲੇ ਦੇਸ਼ ਆਪ-ਆਪਣੇ ਹਥਿਆਰਾਂ ਨੂੰ ਹੁਣ ਆਧੁਨਿਕ ਬਣਾ ਰਹੇ ਹਨ। ਚੀਨ, ਭਾਰਤ ਤੇ ਪਾਕਿਸਤਾਨ ਆਪਣੇ ਹਥਿਆਰਾਂ ਦੇ ਆਕਾਰ ਵੱਡੇ ਕਰ ਰਹੇ ਹਨ। ਐਸ ਆਈ ਪੀਆਰਆਈ ਪਰਮਾਣੂ ਹਥਿਆਰ ਕੰਟਰੋਲ ਪ੍ਰੋਗਰਾਮ ਦੀ ਡਾਇਰੈਕਟਰ ਸ਼ੈਨਨ ਕਾਇਲੇ ਨੇ ਕਿਹਾ ਕਿ ਸੰਸਾਰ ਘੱਟ ਪਰ ਨਵੇਂ ਹਥਿਆਰ ਈਜਾਦ ਕਰ ਰਿਹਾ ਹੈ। ਹਥਿਆਰਾਂ ਦੀ ਗਿਣਤੀ ਮੁੱਖ ਰੂਪ ਵਿਚ ਅਮਰੀਕਾ ਤੇ ਰੂਸ ਵਿਚ ਘਟੀ ਹੈ, ਜਿਨ੍ਹਾਂ ਕੋਲ ਕੁੱਲ ਮਿਲਾ ਕੇ ਸੰਸਾਰ ਭਰ ਦੇ 90 ਫ਼ੀਸਦ ਤੋਂ ਵੱਧ ਪਰਮਾਣੂ ਹਥਿਆਰ ਹਨ। ਇਰਾਨ ਵੱਲੋਂ ਯੂਰੇਨੀਅਮ ਭੰਡਾਰ ਸੀਮਾ ਦੀ ਉਲੰਘਣਾ ਕਰਨ ਦੀ ਚਿਤਾਵਨੀ ਤਹਿਰਾਨ: ਇਰਾਨ ਨੇ ਐਲਾਨ ਕੀਤਾ ਹੈ ਕਿ ਉਹ ਤਹਿਰਾਨ ਵੱਲੋਂ ਵਿਸ਼ਵ ਤਾਕਤਾਂ ਨਾਲ ਕੀਤੇ ਪਰਮਾਣੂ ਸਮਝੌਤਿਆਂ ਤਹਿਤ ਨਿਰਧਾਰਿਤ ਕੀਤੀ ਯੂਰੇਨੀਅਮ ਭੰਡਾਰ ਕਰਨ ਦੀ ਸੀਮਾ ਨੂੰ ਅਗਲੇ ਦਸ ਦਿਨਾਂ ਦੌਰਾਨ ਉਲੰਘੇਗਾ। ਇਰਾਨ ਦੀ ਪਰਮਾਣੂ ਏਜੰਸੀ ਦੇ ਬੁਲਾਰੇ ਨੇ ਚਿਤਾਵਨੀ ਦਿੱਤੀ ਕਿ ਇਰਾਨ ਨੂੰ 20 ਫ਼ੀਸਦੀ ਹੋਰ ਯੂਰੇਨੀਅਮ ਦੀ ਲੋੜ ਹੈ। ਏਜੰਸੀ ਦੇ ਬੁਲਾਰੇ ਬਹਿਰਾਊਜ਼ ਕਾਮਲਵੰਦੀ ਨੇ ਇਹ ਐਲਾਨ ਅੱਜ ਇਕ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਇਹ ਐਲਾਨ ਪਿਛਲੇ ਹਫ਼ਤੇ ਦੇਸ਼ ਦੇ ਤੇਲ ਭੰਡਾਰਾਂ 'ਤੇ ਹੋਏ ਸ਼ੱਕੀ ਹਮਲਿਆਂ ਤੋਂ ਬਾਅਦ ਕੀਤਾ ਗਿਆ ਹੈ।




# ਇਕ ਵਿਅਕਤੀ ਦੀ ਸ਼ਨਾਖਤ ਲਈ ਐਫਬੀਆਈ ਕਰੋੜਾਂ ਤਸਵੀਰਾਂ ਦੀ ਕਰੇਗੀ ਛਾਣਬੀਨ




*ਕਿਮਬਰਲੀ ਡਿਲ ਗ੍ਰੇਕੋ, ਐਫਬੀਆਈ ਡਿਪਟੀ ਅਸਿਸਟੈਂਟ ਡਾਇਰੈਕਟਰ ਆਫ ਕ੍ਰਿਮੀਨਲ ਜਸਟਿਸ ਇਨਫਰਮੇਸ਼ਨ ਸਰਵਿਸਿਜ਼, ਖੱਬੇ, ਗ੍ਰੇਟਾ ਗੁੱਡਿਨ, ਹੋਮਲੈਂਡ ਸਕਿਉਰਟੀ ਦੇ ਡਾਇਰੈਕਟਰ ਅਤੇ ਸਰਕਾਰੀ ਜਵਾਬਦੇਹੀ ਦਫ਼ਤਰ ਲਈ ਨਿਆਂ ਤੇ ਚਾਰਲਸ ਰੋਮਨ ਆਦਿ*

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਐਫ.ਬੀ.ਆਈ ਨੂੰ ਇਕ ਵਿਅਕਤੀ ਦੀ ਤਲਾਸ਼ ਹੈ ਜਿਸ ਨੂੰ ਲੱਭਣ ਲਈ ਉਹ ਅਮਰੀਕੀ ਨਾਗਰਿਕਾਂ ਦੀਆਂ 64 ਕਰੋੜ ਤਸਵੀਰਾਂ ਦੀ ਛਾਣਬੀਨ ਕਰੇਗੀ। ਇਹ ਦਾਅਵਾ ਇਕ ਸਰਕਾਰੀ ''ਵਾਚਡੌਗ ਗਰੁੱਪ'' ਵੱਲੋਂ ਕੀਤਾ ਗਿਆ ਹੈ। ਇਕ ਰਿਪੋਰਟ ਅਨੁਸਾਰ ਸਰਕਾਰੀ ਜਵਾਬਦੇਹੀ ਦਫਤਰ ਨੇ ਰਿਪਬਲਿਕਨ ਤੇ ਡੈਮੋਕਰੈਟਿਕ ਸਾਂਸਦ ਮੈਂਬਰਾਂ ਨੂੰ ਦਸਿਆ ਕਿ ਐਫ.ਬੀ.ਆਈ ਇਕ ਵਿਅਕਤੀ ਦੀ ਸ਼ਨਾਖਤ ਲਈ ਕਰੋੜਾਂ ਤਸਵੀਰਾਂ ਨੂੰ ਘੋਖ ਸਕਦੀ ਹੈ। ਐਫ.ਬੀ.ਆਈ ਨੇ ਇਹ ਤਸਵੀਰਾਂ ਡਰਾਈਵਰਾਂ ਦੇ ਲਾਇਸੰਸਾਂ, ਪਾਸਪੋਰਟਾਂ ਤੇ ਸਰਕਾਰ ਵੱਲੋਂ ਜਾਰੀ ਹੋਰ ਪਛਾਣ ਪੱਤਰਾਂ ਤੋਂ ਲਈਆਂ ਹਨ। ਸਰਕਾਰੀ ਜਵਾਬਦੇਹੀ ਦਫਤਰ ਦੇ ਅਧਿਕਾਰੀ ਗਰੇਟਾ ਗੁਡਵਿਨ ਨੇ ਹਾਊਸ ਓਵਰਸਾਈਟ ਕਮੇਟੀ ਦੇ ਮੈਂਬਰਾਂ ਨੂੰ ਦਸਿਆ ਕਿ ਇਸ ਸਮੇਂ ਐਫ.ਬੀ.ਆਈ ਨੇ 21 ਰਾਜਾਂ ਨਾਲ ਕਰਾਰ ਕੀਤਾ ਹੈ ਜੋ ਡਰਾਈਵਰਾਂ ਦੇ ਲਾਇਸੰਸਾਂ ਉਪਰ ਲੱਗੀਆਂ ਤਸਵੀਰਾਂ ਦੀ ਘੋਖ ਕਰਵਾਉਣ ਲਈ ਸਹਿਮਤ ਹੋਏ ਹਨ। ਦੂਸਰੇ ਪਾਸੇ ਮਨੁੱਖੀ ਹੱਕਾਂ ਬਾਰੇ ਕਾਰਕੁੰਨਾਂ ਵੱਲੋਂ ਐਫ.ਬੀ.ਆਈ ਦੇ ਇਸ ਕਦਮ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨਾਂ ਦਾ ਕਹਿਣਾ ਹੈ ਕਿ ਇਹ ਨਿੱਜਤਾ ਦੀ ਉਲੰਘਣਾ ਹੈ।

# ਪ੍ਰਸਿੱਧ ਸ਼ਾਇਰ ਗੁਰਦਿਆਲ ਸਿੰਘ 'ਨੂਰਪੁਰੀ ਦੀ ਕਾਵਿ ਪੁਸਤਕ 30 ਜੂਨ ਨੂੰ ਲੋਕ ਅਰਪਣ ਹੋਵੇਗੀ




**ਮਿਲਪੀਟਸ (ਕੈਲੇਫੋਰਨੀਆ)–** ਸਾਹਿਤਕ ਹਲਕਿਆਂ ਵਿਚ ਇਹ ਖਬਰ ਬੜੇ ਉਤਸ਼ਾਹ ਨਾਲ ਪੜ੍ਹੀ ਜਾਵੇਗੀ ਕਿ ਸਥਾਨਕ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀ ਚੌਥੀ ਕਾਵਿ ਪੁਸਤਕ ਗੁਰਦੁਆਰਾ ਸਿੰਘ ਸਭਾ, ਬੇਅ-ਏਰੀਆ 680 ਈ ਕਲਾਵਰਸ ਬੁਲੇਵਾਰਡ ਮਿਲਪੀਟਸ ਵਿਖੇ 30 ਜੂਨ 2019 ਦਿਨ ਐਤਵਾਰ ਬਾਅਦ ਦੁਪਹਿਰ 2 ਵਜੇ ਲੋਕ ਅਰਪਣ ਹੋਵੇਗੀ। ਪ੍ਰੋਗਰਾਮ ਵਿਚ ਪ੍ਰਚਾ ਪਾਠ, ਕਵਿਤਾ ਪਾਠ, ਪੰਜਾਬੀ ਗੀਤ-ਸੰਗੀਤ ਅਤੇ ਫੋਟੋ ਦੌਰ ਦੇ ਨਾਲ ਨਾਲ ਪੁਸਤਕਾਂ ਵੰਡੀਆਂ ਜਾਣ-ਗੀਆਂ। ਜਲ ਪਾਨ ਨਿਰੰਤਰ ਚਲਦਾ ਰਹੇਗਾ। ਦਾਖਲਾ ਸੱਤਾ ਪੱਤਰ ਰਾਹੀਂ ਹੈ ਜਾਂ ਸੰਪਰਕ ਕਰੋ 510-415-9377 ਜਾਂ 510-432-1389

ਵਰਣਨਯੋਗ ਹੈ ਕਿ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਵੱਲੋਂ ਧਾਰਮਿਕ ਕਵੀ ਦਰਬਾਰਾਂ ਵਿਚ ਅਤੇ ਰੇਡੀਓ ਰਾਹੀਂ ਕਵਿਤਾਵਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਉਹਨਾਂ ਦੀਆਂ ਕਵਿਤਾਵਾਂ ਅਕਸਰ ਅਖਬਾਰਾਂ ਵਿਚ ਵੀ ਛਪਦੀਆਂ ਰਹਿੰਦੀਆਂ ਹਨ।

# ਬਰੈਂਪਟਨ (ਕੈਨੇਡਾ) ਵਿਖੇ ਪੰਜਵੀ ਵਿਸ਼ਵ ਪੰਜਾਬੀ ਕਾਨਫਰੰਸ 22 - 23 ਜੂਨ 2019 ਨੂੰ ਹੋਵੇਗੀ

**ਬਰੈਂਪਟਨ–** ਵਿਸ਼ਵ ਪੰਜਾਬੀ ਸੰਸਥਾ (ਰਜਿ.) ਵਲੋਂ ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ ਸਪ੍ਰੇਨਜ਼ਾ ਬੈਂਕਟ ਹਾਲ ਬਰੈਂਪਟਨ ਵਿਖੇ ਸ.ਗਿਆਨ ਸਿੰਘ ਕੰਗ ਚੇਅਰਮੈਨ ਅਤੇ ਕਮਲਜੀਤ ਸਿੰਘ 'ਲਾਲੀ ਕਿੰਗ' ਦੀ ਅਗਵਾਈ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਚਿੰਤਨ ਅਤੇ ਫਲਸਫ਼ੇ ਦੀ ਸਮਕਾਲੀ ਪ੍ਰਸੰਗਿਤਾ ਵਿਸ਼ੇ ਅਧੀਨ ਮਿਤੀ 22 ਤੋਂ 23 ਜੂਨ 2019 ਨੂੰ ਕਰਵਾਈ ਜਾ ਰਹੀ ਹੈ। ਭਾਰਤ ਵਿੱਚ ਇਸ ਕਾਨਫਰੰਸ ਦੇ ਕੋਆਰਡੀਨੇਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਮੋਹਨ ਤਿਆਗੀ, ਸਰਕਾਰੀ ਸਿੱਖਿਆ ਕਲਾਜ ਦੇ ਡਾ. ਕੰਵਰ ਜਸਮਿੰਦਰ ਪਾਲ ਸਿੰਘ ਅਤੇ ਸਹਿਜਪ੍ਰੀਤ ਮਾਂਗਟ ਨੇ ਦੱਸਿਆ ਕਿ ਇਸ ਕਾਨਫਰੰਸ ਦਾ ਮੁੱਖ ਮਨੋਰਥ ਅਜੋਕੇ ਸਮਿਆਂ ਵਿੱਚ ਗੁਰੂ ਨਾਨਕ ਚਿੰਤਨ ਦੀ ਵਿਵਹਾਰਿਕ ਪ੍ਰਸੰਗਿਕਤਾ ਨੂੰ ਸਮਝਣਾ ਹੈ। ਇਸ ਕਾਨਫਰੰਸ ਦਾ ਉਦਘਾਟਨ ਪ੍ਰੋ.ਮਨਜੀਤ ਸਿੰਘ ਨਿੱਝਰ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਕਰਨਗੇ, ਮੁੱਖ ਸੁਰ ਭਾਸ਼ਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੀ ਨੌਜਵਾਨ ਚਿੰਤਕ ਡਾ. ਭੀਮ ਇੰਦਰ ਸਿੰਘ ਵਲੋਂ ਦਿੱਤਾ ਜਾਵੇਗਾ। ਇਸ ਕਾਨਫਰੰਸ ਵਿੱਚ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਟੀਆਂ ਅਤੇ



ਕਾਲਜਾਂ ਦੇ ਪ੍ਰੋਫੈਸਰ ਸਹਿਬਾਨ ਅਤੇ ਸਾਹਿਤਕਾਰਾਂ ਤੋਂ ਇਲਾਵਾ ਵਿਸ਼ਵ ਦੇ ਵੱਖ-ਵੱਖ ਕੋਨਿਆਂ ਤੋਂ ਨਾਮੀ ਲੇਖਕ ਅਤੇ ਪੰਜਾਬੀ ਦੇ ਮੁਦਈ ਸ਼ਿਰਕਤ ਕਰਨਗੇ।

ਇਸ ਕਾਨਫਰੰਸ ਨੂੰ ਨਿਯਮਤ ਢੰਗ ਨਾਲ ਨੇਪਰੇ ਚਾੜ੍ਹਨ ਲਈ ਚੜ੍ਹਦੀਕਲਾ ਗਰੁੱਪ ਪਟਿਆਲਾ,ਦਿਲਵੀਰ ਸਿੰਘ 'ਦਿਲ ਨਿੱਜਰ' ਅਮਰੀਕਾ, ਮਨਜੀਤ ਕੌਰ ਗਿੱਲ ਸਿਆਟਲ, ਪ੍ਰੋ.ਜਗੀਰ ਸਿੰਘ ਕਾਹਲੋਂ ਅਤੇ ਕੈਨੇਡਾ ਦੀ ਪ੍ਰਸਿੱਧ ਲੇਖਕਾ ਸੁਰਜੀਤ ਕੌਰ ਵਿਸ਼ੇਸ਼ ਰੂਪ ਵਿੱਚ ਕਾਰਜਸ਼ੀਲ ਹਨ। ਇਥੇ ਇਹ ਗੱਲ ਵੀ ਵਿਸ਼ੇਸ਼ ਤੌਰ 'ਤੇ ਜਿਕਰਯੋਗ ਹੈ ਕਿ ਇਸ ਕਾਨਫਰੰਸ ਦੀ ਸ਼ਾਲੀਨਤਾ ਅਤੇ ਗੰਭੀਰਤਾ ਨੂੰ ਬਣਾਈ ਰੱਖਣ ਲਈ ਵੀ ਵਿਸ਼ੇਸ਼ ਉੱਦਮ ਕੀਤੇ ਜਾ ਰਹੇ ਹਨ।

# ਸਿਆਟਲ ਵਿਚ ਉਲੰਪੀਅਨ ਗੁਰਬਿੰਦਰ ਸਿੰਘ ਪਹਿਲਵਾਨ ਦਾ ਨਿੱਘਾ ਸਵਾਗਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਜਾਣੀ ਪਛਾਣੀ ਸ਼ਖਸੀਅਤ ਅਤੇ ਅੰਤਰ ਰਾਸ਼ਟਰੀ ਕੁਸ਼ਤੀ ਕੋਚ ਜਗਦੇਵ ਸਿੰਘ ਦੇ ਗ੍ਰਹਿ ਵਿਖੇ ਕਾਕਾ ਪ੍ਰਭਸਰਨ ਸਿੰਘ ਦੇ 14ਵੇਂ ਜਨਮ ਦਿਵਸ ਦੀ ਖੁਸ਼ੀ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਸਹਿਜ ਪਾਠ ਦੇ ਭੋਗ ਪਾਏ ਗਏ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦੁਆਰੇ ਦੇ ਕੀਰਤਨੀ ਜਥੇ ਭਾਈ ਦਲਜੀਤ ਸਿੰਘ, ਭਾਈ ਸਾਧੂ ਸਿੰਘ ਤੇ ਡਾਕਟਰ ਸਾਹਿਬ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਦਲਜਤ ਸਿੰਘ ਨੇ ਹਾੜ ਦੇ ਮਹੀਨੇ ਦੀ ਸੰਗਰਾਂਦ ਦੇ ਅਰਥਾਂ ਸਹਿਤ ਸ਼ਬਦ



ਦੀ ਵਿਆਖਿਆ ਕੀਤੀ। ਇਸ ਮੌਕੇ ਭਾਰਤ ਤੋਂ 2003 ਸਿਡਨੀ ਉਲੰਪਿਕ ਵਿਚ ਭਾਗ ਲੈਣ ਵਾਲੇ ਇਕੋ ਇਕ ਭਾਰਤੀ ਪਹਿਲਵਾਨ ਐਸ. ਪੀ. ਦਾ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਗੁਰਬਿੰਦਰਸਿੰਘ ਪਹਿਲਵਾਨ ਨੂੰ ਡਾ. ਹਰਚੰਦ ਸਿੰਘ, ਹਰਦੀਪ ਸਿੰਘ ਗਿੱਲ, ਸੁਖਦੇਵ ਸਿੰਘ ਸੰਧੂ, ਗੁਰਲਾਲ ਬਰਾੜ, ਇਕੱਤਰ ਸਿੰਘ ਬਰਾੜ, ਜਗਦੇਵ ਸਿੰਘ ਧਾਲੀਵਾਲ, ਮਨਮੋਹਨ ਸਿੰਘ ਧਾਲੀਵਾਲ, ਮਾਸਟਰ ਦਲਜੀਤ ਸਿੰਘ ਗਿੱਲ ਤੇ ਜਗਜੀਤ ਸਿੰਘ ਘੋਨਾ ਤੇ ਤਾਰਾ ਸਿੰਘ ਸੰਧੂ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ।

# ਮਹਿਫਲ ਏ ਗ਼ਜ਼ਲ' 'ਚ ਹੋਇਆ ਦੋ ਪੰਜਾਬਾਂ ਦਾ ਸੰਗਮ

**ਫਰਿਜ਼ਨੋ, ਕੈਲੀਫੋਰਨੀਆਂ ( ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਸਮਰਪਿਤ ਸੰਸਥਾ 'ਫਰਿਜ਼ਨੋ ਡਰੀਮਜ਼' ਵੱਲੋਂ ਇਕ ਪਰਿਵਾਰਕ ਮਹਿਫਲ 'ਮਹਿਫਲ ਏ ਗ਼ਜ਼ਲ' ਦਾ ਆਗਾਜ਼ ਫਰਿਜ਼ਨੋ ਦੇ ਹਵੇਲੀ ਰੈਸਟੋਰੈਂਟ ਦੇ ਹਾਲ ਵਿੱਚ ਕੀਤਾ ਗਿਆ। ਜਿਸ ਦੀ ਸੁਰੂਆਤ ਛੋਟੇ




ਬੱਚੇ ਅਮਨਜੋਤ ਸਿੰਘ ਨੇ 'ਸੁਕਰ ਦਾਤਿਆਂ' ਗੀਤ ਨਾਲ ਕੀਤੀ। ਇਸ ਉਪਰੰਤ ਚੱਲਿਆਂ ਗਾਇਕੀ ਦਾ ਖੁੱਲਾ ਪ੍ਰੋਗਰਾਮ। ਜਿਸ ਵਿੱਚ ਫਿਲਮੀ ਕਲਾਕਾਰ ਬਾਈ ਸੁਰਜੀਤ ਨੇ ਆਪਣੇ ਨਵੇਂ ਆ ਰਹੇ ਰਿਕਾਰਡ ਗੀਤ ਗਾਏ। ਜਦ ਕਿ ਦਿਲਦਾਰ ਮਿਊਜ਼ੀਕਲ ਦੇ ਅਵਤਾਰ ਗਰੇਵਾਲ ਨੇ ਗੀਤ ਅਤੇ ਕਮੇਡੀ ਰਾਹੀ ਖੂਬ ਰੰਗ ਬੰਨਿਆਂ। ਪੰਜਾਬੀ ਦੇ ਸੁਰੀਲੇ ਕਲਾਕਾਰ ਰਾਜੇਸ਼ ਰਾਜੂ ਨੇ ਆਪਣੇ ਗੀਤਾ ਨਾਲ ਹਾਜ਼ਰੀ ਭਰਦੇ ਹੋਏ ਸਭ ਦਾ ਮੰਨੋਰੰਜਨ ਕੀਤਾ। ਜਦ ਕਿ ਬੱਲੂ ਸਿੰਘ ਨੇ ਪੰਜਾਬੀ ਗੀਤਾਂ ਦੇ ਨਾਲ-ਨਾਲ ਹਿੰਦੀ ਦੇ ਹਲਕੇ-ਫੁਲਕੇ ਗੀਤ ਗਾਏ। ਇਸ ਮਹਿਫਲ ਦੌਰਾਨ ਹਾਰਮੋਨੀਅਮ ਦੀਆਂ ਸੁਰਾਂ 'ਤੇ ਜਗਦੇਵ ਧੰਜ਼ਲ ਨੇ ਗ਼ਜ਼ਲਾਂ ਰਾਹੀ ਮਹੌਲ ਬਹੁਤ ਅਨੰਦਮਈ ਬਣਾਇਆ। ਇਸ ਉਪਰੰਤ ਪ੍ਰੋਗਰਾਮ ਨੂੰ ਸਿੱਖਰ 'ਤੇ ਪਹੁੰਚਾਉਣ ਲਈ ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਨੇ ਆਪਣੇ ਨਵੇਂ-ਨਵੇਂ ਪਰਿਵਾਰਿਕ ਗੀਤਾਂ ਰਹੀ ਪ੍ਰੋਗਰਾਮ ਨੂੰ ਰੰਗੀਨ ਬਣਾ ਦਿੱਤਾ। ਇਸ ਤੋਂ ਇਲਾਵਾ ਪ੍ਰੋਗਰਾਮ ਵਿੱਚ ਕਰਮਜੀਤ ਬੈਨੀਪਾਲ ਅਤੇ ਹੋਰ ਬਹੁਤ ਸਾਰੇ ਕਲਾਕਾਰਾਂ ਨੇ ਹਾਜ਼ਰੀ ਭਰੀ। ਪ੍ਰੋਗਰਾਮ ਦੌਰਾਨ ਬਤੌਰ ਮੁੱਖ ਮਹਿਮਾਨ ਪਹੁੰਚੇ ਪਾਕਿਸਤਾਨ ਦੇ ਅੰਬੈਸਡਰ ਨੇ ਹਾਜ਼ਰੀ ਭਰੀ। ਜਿੰਨ੍ਹਾਂ ਨੇ ਧਰਮਵੀਰ ਥਾਂਦੀ ਦੇ ਗੀਤ 'ਦਿੱਲੀ ਅਤੇ ਲਹੌਰ ਦੇ ਮੇਲ' 'ਤੇ ਭਾਵੁਕ ਹੁੰਦਿਆਂ ਸਮੁੱਚੀ ਫਰਿਜ਼ਨੋ ਡਰੀਮਜ਼ ਦੀ ਟੀਮ ਨੂੰ ਵਧਾਈ ਦਿੱਤੀ। ਇਸ ਸਮੇਂ ਸੰਸਥਾ ਦੇ ਮੁੱਖ ਸਰਪ੍ਰਸਤ ਤਰਨ ਸਿੰਘ (ਆਸ਼ੀਆਨਾ ਟਰੈਵਲ) ਨੇ ਸਫਲਤਾ ਲਈ ਸਭ ਦਾ ਧੰਨਵਾਦ ਕੀਤਾ। ਜਦ ਕਿ ਸਟੇਜ਼ ਸੰਚਾਲਨ ਦੀ ਸੇਵਾ ਮਲਕੀਤ ਮੀਤ ਨੇ ਨਿਭਾਈ।

ਇਸ ਪ੍ਰੋਗਰਾਮ ਦੀ ਖ਼ਾਸੀਅਤ ਇਹ ਸੀ ਕਿ ਇਸ ਪ੍ਰੋਗਰਾਮ ਵਿੱਚ ਸਾਮਲ ਸਰੋਤੇ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੇ ਇੱਕੋ ਮੰਚ 'ਤੇ ਇਕੱਠੇ ਪਰਿਵਾਰਾਂ ਸਮੇਤ ਪਹੁੰਚੇ ਸਨ। ਇਸ ਮਹਿਫਲ ਦੌਰਾਨ ਜੁਲਾਈ ਮਹੀਨੇ ਰਿਲੀਜ਼ ਹੋਣ ਜਾ ਰਹੀ ਸਥਾਨਿਕ ਕਲਾਕਾਰਾਂ ਦੁਆਰਾਂ ਬਣਾਈ ਪੰਜਾਬੀ ਫਿਲਮ 'ਡਰੀਮ ਯੂਐਸਏ' ਦੀ ਪਰਮੋਸ਼ਨ ਹੌਲੀਵੁੱਡ ਤੋਂ ਅਦਾਕਾਰਾ ਨਿੱਕੀ ਕੌਰ ਅਤੇ ਸਾਥੀਆ ਨੇ ਕੀਤੀ। ਅੰਤ ਸਭ ਹਾਜ਼ਰੀਨ ਨੂੰ ਆਪਸ ਵਿੱਚ ਇੱਕ ਦੂਜੇ ਨਾਲ ਜਾਣ ਪਹਿਚਾਣ ਕਰਵਾਉਦੇ ਹੋਏ ਜਸਵੰਤ ਸਿੰਘ ਮਹਿੰਮੀ ਅਤੇ ਸਮੁੱਚੀ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ।

ਸਭ ਹਾਜ਼ਰੀਨ ਲਈ ਪ੍ਰਬੰਧਕਾਂ ਵੱਲੋਂ ਰਾਤਰੀ ਦੇ ਸੁਆਦਿਸਟ ਖਾਣਿਆਂ ਦਾ ਪ੍ਰਬੰਧ ਕੀਤਾ ਗਿਆ ਸੀ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਸ ਸੰਸਥਾ ਦੁਆਰਾਂ ਸਮੁੱਚੇ ਪਰਿਵਾਰਾਂ ਨੂੰ ਇਕੱਠੇ ਕਰਨ ਲਈ ਜੋ ਉਪਰਾਲਾ ਕੀਤਾ ਗਿਆ ਉਪਰਾਲਾ ਯਾਦਗਾਰੀ ਹੋ ਨਿਬੜਿਆ।


'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

ਦੇਸ਼ ਦੁਆਬਾ

# ਹਿੰਸਕ ਹਮਲੇ

ਕੁਝ ਦਿਨ ਪਹਿਲਾਂ ਪੰਜਾਬ ਵਿਚ ਇਕ ਗਰੀਬ ਔਰਤ ਨੂੰ ਸੱਤਾਧਾਰੀ ਪਾਰਟੀ ਨਾਲ ਸਬੰਧਤ ਐਮ. ਸੀ. ਦੇ ਰਿਸ਼ਤੇਦਾਰਾਂ ਨੇ ਸ਼ਰੇਆਮ ਸੜਕ ਤੇ ਘੜੀਸ-ਘੜੀਸ ਕੇ ਕੁੱਟਿਆ। ਇਸ ਪਿੱਛੇ ਕਾਰਨ ਕੁਝ ਵੀ ਹੋਣ ਪਰ ਪੰਜਾਬੀਆਂ ਲਈ ਇਹ ਬਹੁਤ ਸ਼ਰਮਨਾਕ ਗੱਲ ਹੈ। ਦਿੱਲੀ ਵਿਚ ਇਕ ਸਿੱਖ ਭੱਦਰਪੁਰਸ਼ ਨੂੰ ਦਿੱਲੀ ਪੁਲਿਸ ਨੇ ਕੋਹ-ਕੋਹ ਕੇ ਕੁੱਟਿਆ। ਪੱਛਮੀ ਬੰਗਾਲ ਵਿਚ ਇਲਾਜ ਕਰਨ ਵਾਲੇ ਇਕ ਡਾਕਟਰ ਨੂੰ ਗੁੰਡਿਆਂ ਨੇ ਕੁੱਟਿਆ, ਜਿਸ ਦਾ ਸਾਰੇ ਮੁਲਕ ਵਿਚ ਵਿਰੋਧ ਹੋਇਆ। ਦਿੱਲੀ ਵਿਚ ਇਕ ਮੁਸਲਿਮ ਬਹੁਗਿਣਤੀ ਇਲਾਕੇ ਵਿਚ ਇਕ ਹਿੰਦੂ ਪਰਿਵਾਰ ਦੀ ਬਿਮਾਰ ਲੜਕੀ ਨੂੰ ਸ਼ਰੇਆਮ ਪਕੜ ਕੇ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪਰਿਵਾਰ ਦੇ ਵਿਰੋਧ ਕਰਨ ਤੇ ਸਾਰੇ ਪਰਿਵਾਰ ਦਾ ਕਤਲ ਕਰ ਦਿੱਤਾ ਗਿਆ। ਪੱਛਮੀ ਬੰਗਾਲ ਵਿਚ ਸੱਤਾਧਾਰੀ ਤ੍ਰਿਣਾਮੂਲ ਕਾਂਗਰਸ ਭਾਜਪਾ ਵਰਕਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਇਹ ਉਹ ਘਟਨਾਵਾਂ ਹਨ, ਜਿਹੜੀਆਂ ਸਾਹਮਣੇ ਆ ਜਾਂਦੀਆਂ ਹਨ ਪਰ ਇਸ ਤੋਂ ਇਲਾਵਾ ਬਹੁਤ ਸਾਰੀਆਂ ਘਟਨਾਵਾਂ ਤਾਂ ਸਾਹਮਣੇ ਨਹੀਂ ਆਉਂਦੀਆਂ। ਇਸ ਹਮਲੇ ਤੋਂ ਬਾਅਦ ਕਈ ਜ਼ਿਲ੍ਹਾ ਹਸਪਤਾਲਾਂ ਤੇ ਮੈਡੀਕਲ ਕਾਲਜਾਂ ਦੇ ਡਾਕਟਰਾਂ ਨੇ ਹੜਤਾਲ ਸ਼ੁਰੂ ਕੀਤੀ। ਪੱਛਮੀ ਬੰਗਾਲ ਦੇ ਸਿਹਤ ਵਿਭਾਗ ਨੇ ਡਾਕਟਰਾਂ ਨੂੰ ਹੜਤਾਲ ਵਾਪਸ ਲੈਣ ਲਈ ਕਿਹਾ ਪਰ ਹਾਲਾਤ ਉਦੋਂ ਜ਼ਿਆਦਾ ਵਿਗੜੇ ਜਦੋਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਡਾਕਟਰਾਂ ਨੂੰ ਚਹੁੰਆਂ ਘੰਟਿਆਂ ਦੇ ਅੰਦਰ ਅੰਦਰ ਕੰਮ ਉੱਤੇ ਵਾਪਸ ਆਉਣ ਲਈ ਕਿਹਾ। ਦਿੱਲੀ, ਮਹਾਰਾਸ਼ਟਰ, ਪੰਜਾਬ ਤੇ ਕਈ ਹੋਰ ਸੂਬਿਆਂ ਦੇ ਡਾਕਟਰਾਂ ਨੇ ਪੱਛਮੀ ਬੰਗਾਲ ਦੇ ਡਾਕਟਰਾਂ ਦੀ ਹਮਾਇਤ ਕੀਤੀ ਹੈ ਤੇ ਡਾਕਟਰਾਂ ਦੀ ਸੰਸਥਾ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਆਉਂਦੇ ਸੋਮਵਾਰ ਦੇਸ਼ ਦੇ ਸਾਰੇ ਡਾਕਟਰਾਂ ਨੂੰ ਹੜਤਾਲ ਕਰਨ ਲਈ ਕਿਹਾ ਹੈ ਜਿਸ ਵਿਚ ਲਗਭਗ ਸਾਢੇ ਤਿੰਨ ਲੱਖ ਡਾਕਟਰ ਹਿੱਸਾ ਲੈ ਸਕਦੇ ਹਨ। ਪੱਛਮੀ ਬੰਗਾਲ ਦੇ ਹਾਈ ਕੋਰਟ ਨੇ ਇਸ ਮਾਮਲੇ ਵਿਚ ਦਖ਼ਲ ਦੇਣ ਤੋਂ ਨਾਂਹ ਕਰਦਿਆਂ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਡਾਕਟਰਾਂ ਨੂੰ ਗੱਲਬਾਤ ਕਰਕੇ ਕੰਮ 'ਤੇ ਵਾਪਸ ਆਉਣ ਲਈ ਮਨਾਏ। ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਨੇ ਵੀ ਮਮਤਾ ਬੈਨਰਜੀ ਨੂੰ ਇਸ ਬਾਰੇ ਚਿੱਠੀ ਲਿਖੀ ਹੈ। ਮਮਤਾ ਬੈਨਰਜੀ ਨੇ ਭਾਰਤੀ ਜਨਤਾ ਪਾਰਟੀ ਅਤੇ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਵਾਦੀ) 'ਤੇ ਦੋਸ਼ ਲਾਇਆ ਹੈ ਕਿ ਇਹ ਦੋਵੇਂ ਪਾਰਟੀਆਂ ਹੜਤਾਲ ਨੂੰ ਜਾਰੀ ਰੱਖਣ ਤੇ ਫੈਲਾਉਣ ਲਈ ਜ਼ਿੰਮੇਵਾਰ ਹਨ। ਦੂਸਰੇ ਪਾਸੇ ਡਾਕਟਰ ਇਸ ਗੱਲ 'ਤੇ ਬਜ਼ਿੱਦ ਹਨ ਕਿ ਮਮਤਾ ਬੈਨਰਜੀ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਜ਼ਖ਼ਮੀ ਡਾਕਟਰਾਂ ਦਾ ਪਤਾ ਕਰਨ ਆਉਣਾ ਚਾਹੀਦਾ ਹੈ।

ਹਸਪਤਾਲਾਂ ਵਿਚ ਡਾਕਟਰਾਂ ਉੱਤੇ ਹੁੰਦੇ ਹਮਲੇ ਕੋਈ ਨਵਾਂ ਵਰਤਾਰਾ ਨਹੀਂ। ਸਰਕਾਰੀ ਹਸਪਤਾਲਾਂ ਵਿਚ ਭਾਰੀ ਗਿਣਤੀ ਵਿਚ ਮਰੀਜ਼ ਜਾਂਦੇ ਹਨ ਅਤੇ ਕਈ ਵਾਰ ਉੱਥੇ ਸਹੂਲਤਾਂ ਦੀ ਕਮੀ ਵੀ ਹੁੰਦੀ ਹੈ। ਭਾਵੇਂ ਕਈ ਕੇਸਾਂ ਵਿਚ ਅਣਗਹਿਲੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਡਿਊਟੀ ਦੇ ਰਹੇ ਡਾਕਟਰਾਂ ਦਾ ਸਾਰਾ ਜ਼ੋਰ ਮਰੀਜ਼ ਦੀ ਸਿਹਤ ਸੁਧਾਰਨ ਅਤੇ ਉਸ ਦੀ ਜਾਨ ਬਚਾਉਣ 'ਤੇ ਹੀ ਲੱਗਦਾ ਹੈ। ਕੋਈ ਵੀ ਡਾਕਟਰ ਨਹੀ ਚਾਹੁੰਦਾ ਕਿ ਉਸ ਦੀ ਨਿਗਰਾਨੀ ਹੇਠਲੇ ਮਰੀਜ਼ ਦੀ ਹਾਲਤ ਵਿਗੜੇ। ਮਰੀਜ਼ ਦੀ ਮੌਤ ਹੋਣ ਤੋਂ ਬਾਅਦ ਡਾਕਟਰਾਂ 'ਤੇ ਕੀਤੇ ਗਏ ਇਹੋ ਜਿਹੇ ਹਮਲੇ ਨੂੰ ਕਦੀ ਵੀ ਨਿਆਂਪੂਰਬਕ ਨਹੀਂ ਠਹਿਰਾਇਆ ਜਾ ਸਕਦਾ। ਪੱਛਮੀ ਬੰਗਾਲ ਦੇ ਡਾਕਟਰਾਂ 'ਤੇ ਹੋਇਆ ਹਮਲਾ ਅਤਿਅੰਤ ਬਰਬਰਤਾ ਭਰਪੂਰ ਸੀ। ਮੈਡੀਕਲ ਸਟਾਫ ਤਾਂ ਪੜ੍ਹਿਆ ਲਿਖਿਆ ਹੋਣ ਕਰਕੇ ਇੱਕਜੁਟ ਹੋ ਗਿਆ ਪਰ ਆਮ ਲੋਕਾਂ ਦੀ ਕੁੱਟਮਾਰ ਪ੍ਰਤੀ ਇੱਕਜੁਟਤਾ ਕਿੱਥੋਂ ਆਵੇਗੀ? ਪਰ ਇਸ ਹਿੰਸਾ ਦੇ ਪਿੱਛੇ ਅਸਲ ਕਾਰਨ ਕੀ ਹਨ? ਅਸਲ ਕਾਰਨ ਰਾਜਨੀਤਿਕ ਜਾਂ ਸਿਆਸੀ ਨਜ਼ਰ ਆਉਂਦੀ ਹਨ। ਜਿਸ ਇਲਾਕੇ ਜਾਂ ਸੂਬੇ ਵਿਚ ਕੋਈ ਪਾਰਟੀ ਸੱਤਾ ਵਿਚ ਹੁੰਦੀ ਹੈ, ਉਹ ਸੱਤਾ ਦਾ ਨਜਾਇਜ਼ ਫਾਇਦਾ ਉਠਾਉਂਦੀ ਹੈ। ਲਾਅ ਐਂਡ ਆਰਡਰ ਭਾਰਤ ਵਿਚ ਸੂਬਿਆਂ ਦਾ ਵਿਸ਼ਾ ਹੈ ਅਤੇ ਇਸ ਦਾ ਹੀ ਫਾਇਦਾ ਸੱਤਾਧਾਰੀ ਪਾਰਟੀਆਂ ਉਠਾਉਂਦੀਆਂ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-107

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਗਿਆਨ ਅਤੇ ਅਗਿਆਨ 'ਚ ਫਰਕ



ਅਵਤਾਰ ਸਿੰਘ ਮਿਸ਼ਨਰੀ
510-432-5827

ਜਾਣ ਅਤੇ ਸਮਝ ਲੈਣ ਦਾ ਨਾਂ "ਗਿਆਨ" ਹੈ। ਜਥਾਰਥ ਸਮਝ ਜਿਸ ਤੋਂ ਵਿਹਾਰ ਅਤੇ ਪ੍ਰਮਾਰਥ ਸੁਖ ਅਨੰਦ ਪ੍ਰਾਪਤ ਹੁੰਦਾ ਅਤੇ ਇਸ ਦੇ ਉਲਟ "ਅਗਿਆਨ" ਜਿਸ ਤੋਂ ਸਾਰੇ ਦੁੱਖ ਕਲੇਸ਼ ਤੇ ਝਗੜੇ ਪੈਦਾ ਹੁੰਦੇ ਹਨ। ਜਥਾਰਥ ਗਿਆਨ ਬਾਰੇ "ਸ਼ਬਦ ਗੁਰੂ ਗ੍ਰੰਥ" ਦੇ ਉਪਦੇਸ਼ ਇਹ ਹਨ- ਜਿਵੇਂ ਦੀਵਾ ਬਲਣ ਨਾਲ ਅੰਧੇਰਾ ਦੂਰ ਹੁੰਦਾ ਇਵੇਂ ਹੀ ਗੁਰ ਗਿਆਨ ਦੇ ਦੀਵੇ ਨਾਲ ਅਗਿਆਨ ਖਤਮ ਹੋ ਜਾਂਦਾ ਹੈ-ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥(੬੪) ਜਿਸ ਦੇ ਅੰਦਰ ਗਿਆਨ ਨਹੀਂ ਉਹ ਸੰਸਾਰ ਵਿੱਚ ਮੁਰਦਾ ਹੈ-ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥(੮੯) ਜਦ ਗੁਰੂ ਨੇ ਗਿਆਨ ਦਾ ਸੁਰਮਾਂ ਦਿੱਤਾ ਤਾਂ ਅਗਿਆਨਤਾ ਰੂਪ ਹਨੇਰਾ ਮਿਟ ਗਿਆ, ਰੱਬੀ ਰਹਿਮਤ ਨਾਲ ਜਦ ਗੁਰੂ-ਸੰਤ ਮਿਲਿਆ ਤਾਂ ਮਨ ਚ ਗਿਆਨ (ਸੋਝੀ) ਦਾ ਪ੍ਰਕਾਸ਼ ਹੋ ਗਿਆ-ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥(੨੯੫) ਗੁਰੂ ਬਖਸ਼ੇ ਗਿਆਨ ਰਤਨ ਨਾਲ ਮਨੁੱਖ ਨੂੰ ਹਰੇਕ ਕਿਸਮ ਦੀ ਸਹੀ ਜੀਵਨ ਜੁਗਤ ਬਾਰ ਸੋਝੀ ਆ ਜਾਂਦੀ ਅਤੇ ਜਿਸ ਮਨੁੱਖ ਦਾ ਅਗਿਆਨ ਮਿਟ ਜਾਂਦੈ ਉਹ ਹਰ ਵੇਲੇ ਮਾਇਆ ਦੇ ਹੱਲਿਆਂ ਵਲੋਂ ਸੁਚੇਤ ਰਹਿੰਦਾ ਹੋਇਆ ਰੱਬ ਨੂੰ ਸਰਬਨਿਵਾਸੀ ਵੇਖਦੈ-ਗਿਆਨ ਰਤਨਿ ਸਭ ਸੋਝੀ ਹੋਈ॥ ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ॥(੩੬੪) ਆਤਮਕ ਜੀਵਨ ਦੀ ਸੋਝੀ ਦਾ ਸੁਰਮਾ ਜਿਸ ਮਨੁੱਖ ਦੀਆਂ ਅੱਖਾਂ 'ਚ ਪੈ ਜਾਏ ਉਸ ਨੂੰ ਸਰਬ ਪ੍ਰਕਾਸ਼ ਹੋ ਜਾਂਦੈ ਪਰ ਗਿਆਨਹੀਨ ਨੂੰ ਅਗਿਆਨਤਾ ਦੇ ਅੰਧੇਰੇ 'ਚ ਅਸਲ ਜੀਵਨ ਬਾਰੇ ਕੁਝ ਨਹੀਂ ਸੁਝਦਾ ਤੇ ਉਹ ਮੁੜ ਮੁੜ ਭਟਕਦਾ ਰਹਿੰਦੈ-ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥ ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ॥(੬੧੦) ਅਗਿਆਨਤਾ ਦੇ ਅੰਧੇਰੇ 'ਚ ਕਦੇ ਸੁਖ ਦੀ ਨੀਂਦ ਨਹੀਂ ਆਉਂਦੀ ਰਾਜਾ ਹੋਵੇ ਭਾਵੇਂ ਰੰਕ ਦੋਵੇਂ ਦੁਖੀ ਰਹਿੰਦੇ ਹਨ-ਅੰਧਕਾਰ ਸੁਖਿ ਕਬਹਿ ਨ ਸੋਈ ਹੈ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ॥(੩੨੫) ਰੱਬ ਨਾਲੋਂ ਵਿੱਥ ਵਾਲੇ ਮਨੁੱਖ ਪਸ਼ੂਆਂ ਸਮਾਨ ਹਨ-ਜਿਨ ਕੈ ਭੀਤਰਿ ਹੈ ਅੰਤਰਾ॥ ਜੈਸੇ ਪਸੁ ਤੈਸੇ ਓਇ ਨਰਾ॥(੧੧੬੩) ਅਗਿਅਨਤਾ ਵੱਸ ਪਰਜਾ ਮਾਨੋ ਅੰਨ੍ਹੀ ਹੋਈ, ਤ੍ਰਿਸ਼ਨਾ-ਅੱਗ ਦੀ ਚੱਟੀ ਭਰ ਰਹੀ ਹੈ-ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ॥(੪੬੯) ਮਨ ਨੂੰ ਉੱਚੇ ਜੀਵਨ ਦੀ ਸੋਝੀ ਦੇਣ ਵਾਸਤੇ, ਕੁਝ ਨਾ ਕੁਝ ਗਿਆਨ ਜਰੂਰ ਵਿਚਾਰਨਾ ਚਾਹੀਦੈ-ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥(੩੪੦) ਵਿਦਵਾਨ ਵਾਸਤੇ ਗਿਆਨ-ਵਿਚਾਰ ਦੀ ਚੂਲੀ ਭਾਵ ਵਿਦਵਾਨ ਦੀ ਵਿਦਵਤਾ ਪਵਿਤ੍ਰ ਜੇ ਉਸ ਅੰਦਰ ਵਿਚਾਰ ਤੇ ਜੋਗੀ ਦਾ ਕਾਮ ਵਾਸ਼ਨਾ ਤੇ ਕਾਬੂ ਹੀ ਉਸ ਲਈ ਪਵਿਤ੍ਰ ਚੂਲੀ ਹੈ-ਸੁਰਤੇ ਚੂਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥(੧੨੪੦)

ਉਪ੍ਰੋਕਤ ਗੁਰਬਾਣੀ ਵਿਚਾਰਾਂ ਤੋਂ ਗਿਆਨ ਅਤੇ ਅਗਿਆਨ ਦਾ ਫਰਕ ਚੰਗੀ ਤਰਾਂ ਸਮਝ ਆ ਜਾਂਦਾ ਹੈ ਕਿ ਗਿਆਨ ਪ੍ਰਕਾਸ਼ ਤੇ ਅਗਿਆਨ ਅੰਧੇਰਾ ਹੈ ਭਾਵੇਂ ਉਹ ਕਿਸੇ ਵੀ ਖੇਤਰ 'ਚ ਹੋਏ। ਸਿੱਖ ਵਾਸਤੇ ਜਥਾਰਥ ਗਿਆਨ ਲੈਣਾ ਤੇ ਅਗਿਆਨ ਦੀ ਭਟਕਣਾ-ਭਰਮ ਮਿਟਾਉਣਾ ਅਤਿ ਜਰੂਰੀ ਹੈ। ਸੰਸਾਰ ਦੀ ਸਾਰੀ ਲੜਾਈ ਭਾਵੇਂ ਉਹ ਧਰਮ ਤੇ ਭਾਵੇਂ ਰਾਜਨੀਤੀ ਦੀ ਹੈ ਅਗਿਆਨਤਾ, ਹਉਮੈ, ਹੰਕਾਰ ਅਤੇ ਚੌਧਰ ਕਰਕੇ ਹੀ ਹੁੰਦੀ ਹੈ। ਜਿਨ੍ਹਾਂ ਕੌਮਾਂ ਕੋਲ ਉੱਚਕੋਟੀ ਦੀ ਵਿਦਿਆ ਤੇ ਚਾਲ ਚਲਨ ਹੈ ਉਹ ਸੰਸਾਰ ਚ ਸੁਖੀ ਅਤੇ ਵਿਦਿਆ, ਚਾਲ-ਚਲਨਹੀਨ ਕੌਮਾਂ ਹੀ ਅਗਿਆਨਤਾ ਤੇ ਭਰਮ 'ਚ ਦੁੱਖ ਭੋਗਦੀਆਂ ਹਨ।

# ਝਿੱਕਾ ਆਰਟ ਪ੍ਰਮੋਸ਼ਨ ਵਲੋਂ 'ਫਾਦਰ'ਜ਼ ਡੇਅ ਸਮਾਗਮ' ਹੇਅਵਰਡ 'ਚ 23 ਨੂੰ





**ਹੇਅਵਰਡ (ਬਿਓਰੋ)-** ਝਿੱਕਾ ਆਰਟ ਪ੍ਰਮੋਸ਼ਨ ਦੇ ਮਨਜੀਤ ਝਿੱਕਾ ਅਤੇ ਸੋਨੀਆਂ ਝਿੱਕਾ ਵਲੋਂ ਪੰਜਾਬ ਲੋਕ ਰੰਗ, ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਸੈਨਹੋਜ਼ੇ ਹੈਰੀਟੇਜ ਕਲੱਬ ਦੇ ਸਹਿਯੋਗ ਨਾਲ 'ਫਾਦਰ'ਜ਼ ਡੇਅ' ਨੂੰ ਸਮਰਪਿਤ ਦੂਜਾ ਵੱਡਾ ਸੰਗੀਤਕ ਸਮਾਗਮ ਇੱਥੇ ਰਾਜਾ ਸਵੀਟਸ ਵਿਨਟਨ ਐਵਨਿਊ ਵਿਖੇ ਮਿਤੀ 23 ਜੂਨ ਦਿਨ ਐਤਵਾਰ ਨੂੰ ਸ਼ਾਮ 3 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾ ਰਿਹਾ ਹੈ। ਸੋਨੀਆਂ ਝਿੱਕਾ ਅਤੇ ਮਨਜੀਤ ਝਿੱਕਾ ਨੇ ਦੱਸਿਆ ਕਿ ਮਾਂ ਦੀ ਮਮਤਾ ਅਤੇ ਸਮਾਜ ਦੀ ਸਿਰਜਣ-ਹਾਰ ਮਾਂ ਦੀ ਯਾਦ ਵਿਚ ਜਿੱਥੇ ਵੱਡੇ ਸਮਾਗਮ ਕਰਵਾਏ ਜਾਂਦੇ ਹਨ ਉੱਥੇ 'ਫਾਦਰ'ਜ਼ ਡੇਅ' 'ਤੇ ਬਾਪੂ ਦੀ ਯਾਦ ਵਿਚ ਵੀ ਸਮਾਰੋਹ ਕਰਵਾਉਣ ਦੀ ਲੜੀ ਪੰਜਾਬੀ ਭਾਈਚਾਰੇ ਵਿਚ ਪਿਛਲੇ ਸਾਲ ਤੋਂ ਸ਼ੁਰੂ ਕੀਤੀ ਗਈ ਹੈ। ਕਿਉਂਕਿ ਮਾਂ ਘਰ ਚਲਾਉਂਦੀ ਹੈ ਅਤੇ ਬਾਪ ਪਰਿਵਾਰ। ਗ੍ਰਹਿਸਥ ਦੀ ਜ਼ਿੰਦਗੀ ਦੇ ਦੋਵੇਂ ਵੱਡੇ ਪਹੀਏ ਪੂਜਣਯੋਗ ਹਨ। ਇਸ ਸੰਗੀਤਕ ਸਮਾਰੋਹ ਵਿਚ ਜਿੱਥੇ ਪਿਤਾ ਦਾ ਫਰਜ਼ ਨਿਭਾਉਣ ਵਾਲੀਆਂ ਅਹਿਮ ਸਖਸ਼ੀਅਤਾਂ ਨੂੰ ਉਮਰ ਦੇ ਤਜ਼ਰਬੇ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਵੇਗਾ ਉੱਥੇ ਉਨ੍ਹਾਂ ਨੂੰ ਸਨਮਾਨ ਵਿਚ ਯਾਦ ਚਿੰਨ੍ਹ ਅਤੇ ਤੋਹਫੇ ਵੀ ਦਿੱਤੇ ਜਾਣਗੇ। ਇਸ ਤੋਂ ਸਿਵਾ ਅਜੇ ਭੰਗੜਾ ਅਕੈਡਮੀ ਵਲੋਂ ਗਿੱਧਾ ਅਤੇ ਭੰਗੜਾ ਦੀ ਪੇਸ਼ਕਾਰੀ ਹੋਵੇਗੀ। ਬਾਪ ਦੀ ਸਮਾਜਿਕ ਭੂਮਿਕਾ 'ਤੇ ਵੱਖ ਵੱਖ ਲੋਕ ਵਿਚਾਰ ਪੇਸ਼ ਕਰਨਗੇ। ਪੰਜਾਬ ਦੀ ਹਿੱਟ ਗਾਇਕ ਜੋੜੀ ਦੀਪ ਢਿੱਲੋਂ ਅਤੇ ਜੈਸਮੀਨ ਜੱਸੀ ਮਹਿਮਾਨ ਕਲਾਕਾਰ ਵਜੋਂ ਸ਼ਾਮਿਲ ਹੋ ਕੇ ਇਸ ਸੰਗੀਤਕ ਸ਼ਾਮ ਨੂੰ ਹੋਰ ਵੀ ਰੰਗੀਨ ਬਣਾਉਣਗੇ। ਮੰਚ ਸੰਚਾਲਨ ਸ਼ਕਤੀ ਮਾਣਕ ਦਾ ਹੋਵੇਗਾ। ਇੱਥੇ ਰਾਜਾ ਸਵੀਟਸ ਵਿਚ ਹੋਈ ਇਕ ਅਹਿਮ ਮੀਟਿੰਗ ਵਿਚ ਹਾਜ਼ਰ ਸਖਸ਼ੀਅਤਾਂ ਝਿੱਕਾ ਆਰਟ ਪ੍ਰਮੋਸ਼ਨ ਦੇ ਸੰਚਾਲਕ ਮਨਜੀਤ ਝਿੱਕਾ ਅਤੇ ਸੋਨੀਆ ਝਿੱਕਾ, ਭੂਆ ਗੁਰਮੀਤ ਕੌਰ ਛੀਨਾ, ਸ਼ਕਤੀ ਮਾਣਕ, ਕਸ਼ਮੀਰ ਕੌਰ ਭੌਰਾ, ਜਸਪ੍ਰੀਤ ਬਾਗਲਾ, ਜਸਵਿੰਦਰ ਕੌਰ, ਬਲਜਿੰਦਰ ਸਿੰਘ ਪੱਟੀ, ਮਨਜੀਤ ਕੌਰ ਪੱਟੀ, ਪਰਮਿੰਦਰ ਲਾਡੀ, ਜਸਵਿੰਦਰ ਸੱਗੀ ਹਾਜ਼ਰ ਸਨ। ਇਹ ਫੈਸਲਾ ਲਿਆ ਗਿਆ ਕਿ ਅਗਲੇ ਸਾਲ ਤੋਂ 'ਫਾਦਰ'ਜ਼ ਡੇਅ' ਨੂੰ ਹੋਰ ਵੀ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ।

ਸੋਨੀਆਂ ਝਿੱਕਾ ਅਤੇ ਮਨਜੀਤ ਝਿੱਕਾ ਨੇ ਕਿਹਾ ਕਿ ਹਾਜ਼ਰ ਸਰੋਤਿਆਂ ਨੂੰ ਚਾਹ ਪਾਣੀ ਦੇ ਨਾਲ ਨਾਲ ਰਾਤ ਦਾ ਭੋਜਨ ਵੀ ਦਿੱਤਾ ਜਾਵੇਗਾ। ਇਸ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

# ਸਿੱਖ ਕਤਲੇਆਮ: ਗ੍ਰਹਿ ਮੰਤਰਾਲੇ ਵੱਲੋਂ ਸਿੱਟ ਨੂੰ ਕਮਲਨਾਥ ਖ਼ਿਲਾਫ਼ ਜਾਂਚ ਦੇ ਹੁਕਮ

**ਨਵੀਂ ਦਿੱਲੀ-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਅੱਜ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ 1984 ਸਿੱਖ ਕਤਲੇਆਮ ਦੇ ਬੰਦ ਪਏ ਕੇਸਾਂ ਦੀ ਮੁੜ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਨੂੰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਕਮਲਨਾਥ ਖ਼ਿਲਾਫ਼ ਨਵੇਂ ਸਿਰੇ ਤੋਂ ਜਾਂਚ ਸ਼ੁਰੂ ਕਰਨ ਲਈ ਆਖ ਦਿੱਤਾ ਹੈ। ਕਮਲਨਾਥ ਖਿਲਾਫ਼ ਜਾਂਚ ਦਾ ਮਾਮਲਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਰਾਹੀਂ ਤਤਕਾਲੀ ਗ੍ਰਹਿ ਮੰਤਰੀ ਕੋਲ ਚੁੱਕਿਆ ਗਿਆ ਸੀ। ਦਸੰਬਰ 2018 ਵਿੱਚ ਇਸ ਸਬੰਧੀ ਇਕ ਪੱਤਰ ਵੀ ਲਿਖਿਆ ਗਿਆ ਸੀ। ਕਮਲਨਾਥ ਖਿਲਾਫ 1 ਨਵੰਬਰ 1984 ਨੂੰ ਪਾਰਲੀਮੈਂਟ ਸਟ੍ਰੀਟ ਪੁਲੀਸ ਥਾਣੇ ਵਿਚ ਐਫਆਈਆਰ ਨੰਬਰ 601ķ84 ਵੀ ਦਰਜ ਕੀਤੀ ਗਈ ਸੀ। ਇਸ ਮਾਮਲੇ ਵਿੱਚ ਪੰਜ ਦੋਸ਼ੀਆਂ ਖਿਲਾਫ਼ ਚਾਰਜਸ਼ੀਟ ਪੇਸ਼ ਕੀਤੀ ਗਈ, ਪਰ ਕਮਲਨਾਥ ਨੂੰ ਛੱਡ ਦਿੱਤਾ ਗਿਆ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜ ਦੇ ਪੰਜ ਦੋਸ਼ੀਆਂ ਦਾ ਰਿਹਾਇਸ਼ੀ ਪਤਾ ਕਮਲਨਾਥ ਦੀ ਰਿਹਾਇਸ਼ ਵਾਲਾ ਪਾਇਆ ਗਿਆ। ਸਿਟ ਕੋਲ ਮਹਿਜ਼ ਸਬੂਤਾਂ ਦੀ ਘਾਟ ਕਾਰਨ ਬੰਦ ਪਏ ਕੇਸਾਂ ਦੀ ਪੜਤਾਲ ਦਾ ਅਧਿਕਾਰ ਹੈ, ਪਰ ਉਹ ਅਦਾਲਤ ਵਿੱਚ ਸੁਣੇ ਜਾ ਚੁੱਕੇ ਕੇਸ ਦੀ ਮੁੜ ਪੜਤਾਲ ਨਹੀਂ ਕਰ ਸਕਦੀ। ਗ੍ਰਹਿ ਮੰਤਰਾਲੇ ਵੱਲੋਂ ਸਿੱਟ ਦੀ ਜਾਂਚ ਲਈ ਅਧਿਕਾਰ ਖੇਤਰ ਵਧਾਉਣ ਬਾਬਤ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਨਾਲ ਹੁਣ ਉਨ੍ਹਾਂ ਕੇਸਾਂ ਦੀ ਵੀ ਜਾਂਚ ਹੋ ਸਕੇਗੀ।





ਮਨੂੰਵਾਦ ਦੀਆਂ ਜੜ੍ਹਾਂ ਹਿਲਾਉਣ ਵਾਲੇ, ਕਰਮ ਕਾਂਡ ਅੰਧਵਿਸ਼ਵਾਸ ਦੀਆਂ ਧੱਜੀਆਂ ਉਡਾਉਣ ਵਾਲੇ ਪਾਖੰਡਵਾਦ ਆਡੰਬਰ ਬ੍ਰਾਹਮਣਵਾਦ ਦਾ ਨਾਸ਼ ਕਰਨ ਵਾਲੇ ਕ੍ਰਾਂਤੀਕਾਰੀ ਯੁਗ ਪੁਰਸ਼ ਧੰਨ ਧੰਨ ਸਤਿਗੁਰੂ ਕਬੀਰ ਜੀ ਮਹਾਰਾਜ ਜੀ ਦਾ ਆਗਮਨ ਪੁਰਵ ਪਿੰਡ ਕੋਟ ਕਲਾਂ ਸ੍ਰੀ ਗੁਰੂ ਰਵਿਦਾਸ ਗੁਰੂਦੁਆਰਾ ਸਾਹਿਬ ਵਿਖੇ ਬਹੁਤ ਹੀ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਗੁਰੂ ਘਰ ਦੇ ਕੀਰਤਨੀ ਜਥੇ ਨੇ ਗੁਰਬਾਣੀ ਦਾ ਕੀਰਤਨ ਕਰਕੇ ਨਿਹਾਲ ਕੀਤਾ। ਅਤੇ ਸੰਗਤਾਂ ਨੇ ਕੇਕ ਕੱਟ ਕੇ ਕਬੀਰ ਮਹਾਰਾਜ ਜੀ ਦਾ ਜਨਮ ਦਿਹਾੜਾ ਮਨਾਇਆ। **ਵੱਲੋਂ- ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਪਿੰਡ ਕੋਟ ਕਲਾਂ ਜਲੰਧਰ।**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬੀ ਮਲਟੀਕਲਚਰਲ ਸੁਸਾਇਟੀ ਪਿਟਸਬਰਗ ਵੱਲੋਂ ਤੀਆਂ ਦਾ ਮੇਲਾ 27 ਜੁਲਾਈ ਨੂੰ

**ਪਿਟਸਬਰਗ-** ਹਰ ਸਾਲ ਵਾਂਗ ਇਸ ਸਾਲ ਵੀ ਪੰਜਬੀ ਮਲਟੀਕਲਚਰਲ ਸੁਸਾਇਟੀ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਤੀਆਂ ਦਾ ਮੇਲਾ 27 ਜੁਲਾਈ 2019 ਦਿਨ ਸ਼ਨਿਚਰਵਾਰ ਨੂੰ ਦੁਪਹਿਰ 1 ਵਜੇ ਤੋਂ ਸ਼ਾਮੀ 6 ਵਜੇ ਤੱਕ Martin Luther King Jr. High School, 2012 Carion Ct., Pittsburg CA 94565 ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਪ੍ਰਬੰਧਕ ਕਸ਼ਮੀਰ ਕੌਰ ਨੇ ਜਾਣਕਾਰੀ ਦਿੱਤੀ ਕਿ ਇਹ ਪ੍ਰੋਗਰਾਮ ਸਿਰਫ ਔਰਤਾਂ ਅਤੇ ਬੱਚਿਆਂ ਦੇ ਲਈ ਹੋਵੇਗਾ। ਇਹ ਮੇਲਾ ਬਿਲਕੁਲ ਫਰੀ ਹੈ। ਖਾਣ-ਪੀਣ ਦੇ ਸਟਾਲ ਵੀ ਲਗਾਏ ਜਾਣਗੇ। ਰੈਫਲ ਗਿਫਟ ਕੱਢੇ ਜਾਣਗੇ। ਇਸ ਮੇਲੇ ਵਿਚ ਭੰਗੜਾ, ਡਾਂਸ, ਹਿਪ ਹੌਪ, ਗਿੱਧਾ, ਸਕਿੱਟ, ਲਾਈਵ ਡੀ. ਜੇ. ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ। ਹੋਰ ਜਾਣਕਾਰੀ ਲਈ ਸੰਪਰਕ ਕਰੋ ਕਸ਼ਮੀਰ ਕੌਰ 925-329-9835, ਸੁਮਨ ਹੀਰ 925-219-5991, ਰੂਬੀ 925-550-1088



# ਸਿਆਟਲ ਵਿਚ 'ਪਿਤਾ ਦਿਵਸ' ਬੜੇ ਉਤਸ਼ਾਹ ਨਾਲ ਮਨਾਇਆ













**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** 'ਪਿਤਾ ਦਾ ਪਰਿਵਾਰ ਵਿਚ ਖਾਸ ਰੁਤਬਾ ਹੈ ਜੋ ਕਮਾਈ ਕਰਕੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਸੰਸਾਰ ਦੇ ਕੋਨੇ-ਕੋਨੇ 'ਚ 'ਫਾਦਰਜ਼ ਡੇਅ( ਮਨਾਇਆ ਗਿਆ। ਸਿਆਟਲ ਵਿਚ ਵੱਖ-ਵੱਖ ਧਰਮਾਂ, ਜਾਤਾਂ, ਰੰਗਾਂ ਤੇ ਦੇਸ਼ਾਂ ਦੇ ਲੋਕਾਂ ਨੇ ਆਪਣੇ ਰੀਤੀ ਰਿਵਾਜ਼ਾਂ ਮੁਤਾਬਕ ਪਿਤਾ ਦਿਵਸ ਮਨਾਇਆ।

ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਗੁਰਦੁਆਰਿਆਂ 'ਚ ਨਤਮਸਤਕ ਹੋ ਕੇ ਪਰਿਵਾਰ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕੀਤੀ। ਕਈ ਲੋਕਾਂ ਨੇ ਖਾਸ ਕਰਕੇ ਬੱਚਿਆਂ ਨੇ ਤੋਹਫੇ ਵਜੋਂ ਯਾਦਗਾਰੀ ਚਿੰਨ੍ਹ ਭੇਂਟ ਕੀਤੇ। ਕਈ ਲੋਕਾਂ ਨੇ ਆਪਣੇ ਪਿਤਾ ਨੂੰ ਲੈ ਕੇ ਖਾਣਾ ਜਾਂ ਪਾਰਟੀਆਂ ਕੀਤੀਆਂ। ਬੋਥਲ ਵਿਚ ਰਾਜਾ ਗਿੱਲ ਨੇ ਆਪਣੇ ਪਿਤਾ ਹਰਦੀਪ ਸਿੰਘ ਗਿੱਲ ਨੂੰ ਲੈਪਟਾਪ ਭੇਂਟ ਕਰਕੇ 'ਪਿਤਾ ਦਿਵਸ' ਮਨਾਇਆ।

ਸਨਮੋਹਣ ਸਿੰਘ ਸੋਢੀ ਦੀਆਂ ਲੜਕੀਆਂ ਨੇ ਕੇਕ ਕੱਟ ਕੇ ਪਿਤਾ ਦਿਵਸ ਮਨਾਇਆ। ਗ੍ਰੰਥੀ ਸਿੰਘ ਮਨਿੰਦਰ ਸਿੰਘ ਨੇ ਆਪਣੀ ਬੱਚੀ ਨਾਲ ਪਿਤਾ ਦਿਵਸ ਮਨਾਇਆ। ਇਸ ਮੌਕੇ ਸਿਆਟਲ ਸਿਜੈਟਰਿਵਰ ਪਾਰਕ ਵਿਚ ਫੁਟਬਾਲ ਦਾ ਮੈਚ ਖੇਡ ਕੇ 'ਪਿਤਾ ਦਿਵਸ' ਮਨਾਇਆ, ਜਿੱਥੇ ਕਰਨ ਵਿਰਕ ਦੀ ਸਾਕਰ ਟੀਮ ਜਿੱਤੀ ਤੇ ਮੈਡਲ ਪ੍ਰਾਪਤ ਕੀਤੇ। ਬੱਚਿਆਂ ਨੇ ਆਪਣੇ ਪਿਤਾ ਦੀ ਤੰਦਰੁਸਤੀ ਲਈ ਸ਼ੁਭ ਕਾਮਨਾਵਾਂ ਕੀਤੀਆਂ ਅਤੇ ਅਰਦਾਸਾਂ ਕੀਤੀਆਂ।




Shangara Ram
Realtor CalBRE# 01969522

BERKSHIRE HATHAWAY
Home Services
ELITE REAL ESTATE

BHHS BERKSHIRE HATHAWAY HOMESERVICES

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

A & S
Auto Repair & Services
Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਸਲਾਨਾ ਜੋੜ ਮੇਲਾ ਬਹੁਤ ਹੀ ਸ਼ਰਧਾ ਨਾਲ ਕਰਵਾਇਆ

## ਸੰਤ ਕੁਲਵੰਤ ਰਾਮ ਭਰੋਮਜਾਰਾ ਤੇ ਸੰਤ ਦੇਸ਼ ਰਾਜ ਡੇਰਾ ਗੋਬਿੰਦਪੁਰਾ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ

**ਫਗਵਾੜਾ (ਬੀ.ਕੇ.ਰੱਤੂ)-** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਇਤਿਹਾਸਿਕ ਧਰਤੀ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਜੀ.ਟੀ.ਰੋਡ ਚੱਕ ਹਕੀਮ ਵਿਖੇ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਸਤਿਕਾਰ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੋਤੀ ਜੋਤਿ ਦਿਵਸ ਤੇ ਸਲਾਨਾ ਇਤਿਹਾਸਿਕ ਜੋੜ ਮੇਲਾ ਕਰਵਾਇਆ ਗਿਆ। ਮੇਲੇ ਦੇ ਅਖੀਰਲੇ ਦਿਨ ਸ਼੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਪਾਏ ਗਏ। ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ, ਸੰਤ ਦੇਸ਼ ਰਾਜ ਡੇਰਾ ਸੱਚ ਖੰਡ ਗੋਬਿੰਦਪੁਰਾ ਵਿਸ਼ੇਸ਼ ਤੌਰ ਪੂਹੰਚੇ ਅਤੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਦੇ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਪਹਿਲੀ ਵਾਰ ਨਵੀਂ ਤਕਨੀਕ ਨਾਲ ਬਣਿਆ ਇਲੈਕਟ੍ਰਾਨਿਕ ਜੈਕ ਵਾਲਾ 81 ਫੁੱਟ ਉਚਾ ਨਿਸ਼ਾਨ ਚੜਾਇਆ ਗਿਆ। ਨਿਸ਼ਾਨ ਸਾਹਿਬ ਚੜ੍ਹਾਉਣ



ਦੀ ਰਸ਼ਮ ਸ੍ਰੀ ਸੋਮ ਪ੍ਰਕਾਸ਼ ਕੈਂਥ ਕੇਂਦਰੀ ਰਾਜ ਮੰਤਰੀ ਭਾਰਤ ਸਰਕਾਰ ਅਤੇ ਸ੍ਰੀਮਤੀ ਬਲਵੀਰ ਰਾਣੀ ਸੋਢੀ ਜਿਲ੍ਹਾ ਪ੍ਰਧਾਨ ਕਾਗਰਸ ਨੇ ਸਾਝੇ ਤੋਰ ਨਿਭਾਈ।ਇਸ ਮੌਕੇ ਪੁਹੰਚੇ ਸ. ਜੋਗਿੰਦਰ ਸਿੰਘ ਮਾਨ ਸਾਬਕਾ ਕੈਬਨਿਟ ਮੰਤਰੀ ਪੰਜਾਬ, ਲੋਕ ਇਨਸਾਫ ਪਾਰਟੀ ਤੋਂ ਜਰਨੈਲ ਨੰਗਲ ਆਦਿ ਨੂੰ ਪ੍ਰਧਾਨ ਐਡਵੋਕੇਟ ਸ਼ਰਧਾ ਰਾਮ ਤੇ ਸਮੂਹ ਪ੍ਰਬੰਧਕ ਕਮੇਟੀ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਧਰਮਿੰਦਰ ਸਿੰਘ ਦੇ ਕੀਰਤਨੀ ਜਥੇ, ਪ੍ਰਮਜੀਤ ਸਿੰਘ ਖਾਲਸਾ ਬੰਗਿਆਂ ਵਾਲੀਆ ਬੀਬੀਆਂ ਦੇ ਢਾਡੀ ਜੱਥੇ ਨੇ ਅਤੇ ਗਿਆਨੀ ਬਲਵੀਰ ਸਿੰਘ ਲਹਿਰੀ ਦੇ ਜਥੇ ਨੇ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ ਪ੍ਰਧਾਨ ਐਡਵੋਕੇਟ ਸ਼ਰਧਾ ਰਾਮ, ਉੱਪ ਪ੍ਰਧਾਨ ਦਵਿੰਦਰ ਕੁਲਥਮ, ਜਨਰਲ ਸਕੱਤਰ ਅਸ਼ੋਕ ਭਾਟੀਆ, ਪ੍ਰਚਾਰ ਸਕੱਤਰ ਸੀਟੂ ਬਾਈ, ਡਾ. ਯਸ਼ ਬਰਨਾ, ਕਿਸ਼ਨ ਦਾਸ ਛਿੰਦੀ, ਹੁਕਮ ਚੰਦ, ਮਕਬੂਲ, ਗੁਰਦਿਆਲ ਸੋਢੀ ਮੈਂਬਰਾਂ ਤੋਂ ਇਲਾਵਾ ਅਸ਼ੋਕ ਸੰਧੂ, ਤੇਜਪਾਲ ਬਸਰਾ, ਗਿਆਨੀ ਜਸਵੀਰ ਸਿੰਘ ਜੱਸਲ,ਕੁਲਵੰਤ ਦੜੋਚ, ਪ੍ਰਵੀਨ ਬੰਗਾ, ਜਨਕ ਰਾਜ, ਕਮਲਜੀਤ ਖੋਥੜਾ,ਚੰਦਰੇਸ਼ ਕੌਲ, ਪਵਨ ਸਾਬੀ, ਹਰਮੇਸ਼ ਕਾਲਾ, ਬਲਵੀਰ ਅਬਾਦੀ, ਲਛਮਣ ਦਾਸ, ਰਾਜੂ, ਨਿੱਕੀ ਅਤੇ ਮਿੰਟੂ ਆਦਿ ਹਾਜ਼ਰ ਸਨ।

# ਬੇਗਮਪੁਰਾ ਤੇ ਸਾਂਝੀਵਾਲਤਾ ਦਾ ਰਾਜ ਸਥਾਪਤ ਕਰਨ ਲਈ ਬਸਪਾ ਨੂੰ ਸੱਤਾ ਤੇ ਕਾਬਜ ਕਰਨਾ ਜਰੂਰੀ - ਕਰੀਮਪੁਰੀ

**ਫਗਵਾੜਾ (ਬੀ.ਕੇ.ਰੱਤੂ)-** ਧੰਨ ਧੰਨ ਬਾਬਾ ਡੋਗਰ ਪੀਰ ਬਾਬਾ ਜਾਹਰ ਪੀਰ ਬਾਬਾ ਸਿਲਬਹਾਰ ਜੀ ਰੱਤੂ ਜਠੇਰਿਆਂ ਦੇ ਪਵਿੱਤਰ ਅਸਥਾਨ ਝੰਡੇਰ ਕਲਾਂ ਖੁਰਦ ਵਿਖੇ ਰੱਤੂ ਜਠੇਰਿਆਂ ਦਾ ਸਲਾਨਾ ਪ੍ਰਚੱਲਿਤ ਮੇਲਾ ਸਮੂਹ ਰੱਤੂ ਪਰਿਵਾਰਾਂ ਦੇ ਸਹਿਯੋਗ ਨਾਲ ਮੁੱਖ ਸੇਵਾਦਾਰ ਜਨਕਰਾਜ ਰੱਤੂ ਦੀ ਰਹਿਨੁਮਾਈ ਹੇਠ ਸਮੂਹ ਰੱਤੂ ਪਰਿਵਾਰਾਂ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰੇ ਵੱਡੇ ਵਢੇਰਿਆਂ ਦੀ ਯਾਦ ਵਿਚ ਹਵਨ ਧੂਫ ਪਾਇਆ ਗਿਆ। ਉਪਰੰਤ ਖੁੱਲ੍ਹੇ ਦਰਬਾਰ ਵਿਚ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿਚ ਪ੍ਰਸਿੱਧ ਗਾਇਕਾਂ ਕੌਰ ਸਿਸਟਰਜ਼, ਮੋਹਣ ਮਾਹੀ, ਕੌਰ ਪ੍ਰੀਤ ਤੋਂ ਇਲਾਵਾ ਇੰਟਰਨੈਸ਼ਨਲ ਪ੍ਰਸਿੱਧੀ ਪ੍ਰਾਪਤ ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ ਆਦਿ ਨੇ ਰੱਤੂ ਜਠੇਰਿਆਂ, ਸ੍ਰੀ ਗੁਰੂ ਰਵਿਦਾਸ ਮਹਾਰਾਜ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੇਲੇ ਵਿਚ ਬਸਪਾ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਅਵਤਾਰ ਸਿੰਘ ਕਰੀਮਪੁਰੀ ਵਿਸ਼ੇਸ਼ ਤੌਰ ਤੇ ਪੁੱਜੇ। ਉਹਨਾਂ ਬਾਬਾ ਜੀ ਦੇ ਦਰਬਾਰ ਤੇ ਨਤਮਸਤਕ ਹੋਣ ਉਪਰੰਤ ਆਪਣੇ ਸੰਬੋਧਨ ਵਿਚ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਮੇਲੇ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਵੱਡੇ ਵਢੇਰਿਆਂ ਅਤੇ ਮਹਾਪੁਰਸ਼ਾਂ ਦੇ ਮੇਲੇ ਰਲਮਿਲ ਕੇ ਮਨਾਉਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਬੇਗਮਪੁਰਾ ਅਤੇ ਸਾਂਝੀਵਾਲਤਾ ਦਾ ਰਾਜ ਸਥਾਪਤ ਕਰਨ ਲਈ ਬਸਪਾ ਨੂੰ ਪੰਜਾਬ ਅਤੇ ਕੇਂਦਰ ਦੀ ਸੱਤਾ ਵਿਚ ਕਾਬਜ ਕਰਨਾ ਬਹੁਤ ਜਰੂਰੀ ਹੈ। ਇਸ ਮੌਕੇ ਪੈਗਾਮ ਸੰਸਥਾ ਦੇ ਪੰਜਾਬ ਅਤੇ ਚੰਡੀਗੜ੍ਹ ਦੇ ਇੰਚਾਰਜ ਐਸ.ਆਰ. ਲੱਧੜ ਨੇ ਆਪਣੇ ਸੰਬੋਧਨ ਵਿਚ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣ ਦਾ ਸੁਨੇਹਾ ਦਿੱਤਾ। ਉਹਨਾਂ 23 ਜੂਨ ਨੂੰ ਨਵਾਂਸ਼ਹਿਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਜਨ ਚੇਤਨਾ ਰੈਲੀ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਖੁੱਲਾ ਸੱਦਾ ਵੀ ਦਿੱਤਾ।

ਸਮਾਗਮ ਦੇ ਅਖੀਰ ਵਿਚ ਮੁੱਖ ਮਹਿਮਾਨਾਂ, ਪਤਵੰਤਿਆਂ, ਕਲਾਕਾਰਾਂ ਅਤੇ ਸਹਿਯੋਗੀਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪੈਗਾਮ ਸੰਸਥਾ ਦੀ ਨੈਸ਼ਨਲ ਆਗੂ ਹਰਵਿੰਦਰ ਕੌਰ, ਮੈਡਮ ਰਜਿੰਦਰ ਕੌਰ, ਜਸਵਿੰਦਰ ਸਿੰਘ, ਹਰਦਿਆਲ ਬੰਗਾ ਤੋਂ ਇਲਾਵਾ ਜੱਥੇਦਾਰ ਰਾਮਸ਼ਰਨ ਸਿੰਘ ਰੰਧਾਵਾ, ਰੱਤੂ ਪ੍ਰਬੰਧਕ ਸੁਸਾਇਟੀ ਦੇ ਪ੍ਰਧਾਨ ਬਖਸ਼ੀਸ਼ ਸਿੰਘ ਭੀਮ, ਡਾ. ਸੁਰਿੰਦਰ ਰੱਤੂ, ਬੀ.ਕੇ. ਰੱਤੂ, ਸਰਪੰਚ ਰਾਮ ਲਾਲ, ਜਗੀਰ ਪੰਚ, ਨਰੇਸ਼ ਕੁਮਾਰ ਪੰਚ, ਗਿਆਨ ਚੰਦ ਰੱਤੂ, ਅਮਨਦੀਪ ਰੱਤੂ, ਸੰਦੀਪ ਰੱਤੂ, ਹਰੀਸ਼ ਕੁਮਾਰ, ਸਤਵਿੰਦਰ ਸਿੰਘ, ਮੇਜਰ ਰਾਮ, ਬਲਵੀਰ, ਡਾ. ਸਤਨਾਮ ਰੂਪੋਵਾਲ, ਬੇਅੰਤ ਸਿੰਘ, ਏਕਮ ਸਿੰਘ, ਰਾਮਪਾਲ, ਮੀਨਾ ਕੁਮਾਰੀ, ਜਸਵਿੰਦਰ ਕੌਰ, ਬਲਜੀਤ ਕੌਰ, ਅਵਤਾਰ ਰਾਮ, ਰਜਿੰਦਰ ਕੁਮਾਰ ਐਡਵੋਕੇਟ, ਅਸ਼ੋਕ ਕੁਮਾਰ, ਬਲਜਿੰਦਰ ਕੁਮਾਰ, ਰਜਿੰਦਰ ਸਿੰਘ ਤਲਵਣ ਤੋਂ ਇਲਾਵਾ ਵੱਡੀ ਗਿਣਤੀ ਵਿਚ ਰੱਤੂ ਪਰਿਵਾਰਾਂ ਦੇ ਨੁਮਾਇੰਦੇ ਦਰਬਾਰ ਵਿਖੇ ਨਤਮਸਤਕ ਹੋਏ। ਠੰਡੇ ਮਿੱਠੇ ਜਲ ਅਤੇ ਲੰਗਰ ਦੀ ਸੇਵਾ ਅਟੁੱਟ ਵਰਤਾਈ ਗਈ।







# ਪਹਿਲੀ ਅਕਤੂਬਰ ਤੋਂ ਨਿਊਜ਼ੀਲੈਂਡ ਆਉਣ ਵਾਲੇ ਵੀਜ਼ਾ ਮੁਕਤ ਯਾਤਰੀਆਂ ਨੂੰ ਲੈਣੀ ਪਵੇਗੀ ਆਨ ਲਾਈਨ ਆਗਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਬਾਹਰਲੇ ਮੁਲਕਾਂ ਦੇ ਵਿਚ ਜੇਕਰ ਕਿਸੇ ਦੇ ਘਰ ਪ੍ਰਾਹੁਣੇ ਬਣ ਕੇ ਜਾਣਾ ਹੋਵੇ ਤਾਂ ਸਲਾਹ ਦਿੱਤੀ ਜਾਂਦੀ ਹੈ ਕਿ ਦੱਸ ਕੇ ਜਾਣਾ ਚਾਹੀਦਾ ਹੈ ਤਾਂ ਕਿ ਮੂਹਰਲੇ ਘਰ ਵਾਲੇ ਕੁਝ ਆਓ-ਭਗਤ ਵਾਸਤੇ ਤਿਆਰੀ ਕਰ ਛੱਡਣ। ਪਰ ਲਗਦਾ ਇਸ ਮਾਮਲੇ ਵਿਚ ਨਿਊਜ਼ੀਲੈਂਡ ਸਰਕਾਰ ਆਪਣੇ ਅੰਤਰਰਾਸ਼ਟਰੀ ਪ੍ਰਾਹੁਣਿਆਂ ਦੇ ਮਾਮਲੇ ਵਿਚ ਪਿੱਛੇ ਚੱਲ ਰਹੀ ਸੀ, ਕਿਉਂਕਿ ਸਰਕਾਰ ਨੇ ਹੁਣ ਫੈਸਲਾ ਕੀਤਾ ਹੈ ਕਿ ਨਿਊਜ਼ੀਲੈਂਡ ਦੇ ਵਿਚ ਵੀਜ਼ਾ ਮੁਕਤ ਦੇਸ਼ਾਂ ਤੋਂ ਆਉਣ ਵਾਲੇ ਹਰ ਯਾਤਰੀ ਨੂੰ ਆਨ ਲਾਈਨ ਆਗਿਆ (ਟ੍ਰੈਵਲ ਅਥਾਰਟੀ) ਲੈਣੀ ਪਵੇਗੀ ਤਾਂ ਹੀ ਉਹ ਦੇਸ਼ ਦੇ ਵਿਚ ਦਾਖਲ ਹੋਣ ਵਾਸਤੇ ਫਲਾਈਟ ਜਾਂ ਕਰੂਜ਼ ਆਦਿ ਫੜ ਸਕਣਗੇ। ਇਹ ਨਵਾਂ ਕਾਨੂੰਨ ਪਹਿਲੀ ਅਕਤੂਬਰ 2019 ਤੋਂ ਲਾਗੂ ਹੋ ਜਾਣਾ ਹੈ ਅਤੇ ਪਹਿਲੀ ਜੁਲਾਈ ਤੋਂ ਇਸਦੀ ਰਜਿਸਟ੍ਰੇਸ਼ਨ ਖੁੱਲ੍ਹ ਜਾਣੀ ਹੈ ਤਾਂ ਕਿ ਲੋਕ ਅਜਿਹੀ ਬੇਨਤੀ ਵਾਸਤੇ ਅਪਲਾਈ ਕਰ ਸਕਣ। ਇਸ ਸੁਵਿਧਾ ਵਾਸਤੇ ਮੋਬਾਇਲ ਐਪਲੀਕੇਸ਼ਨ ਵੀ ਉਪਲਬਧ ਰਹੇਗੀ ਅਤੇ ਵੈਬਸਾਈਟ ਉਤੇ ਵੀ ਇਸਨੂੰ ਭਰਿਆ ਜਾ ਸਕੇਗਾ। ਇਸ ਕਾਨੂੰਨ ਸਰਕਾਰ ਦੋ ਤਰ੍ਹਾਂ ਦੀ ਫੀਸ ਲਵੇਗੀ ਇਕ ਤਾਂ ਹੋਏਗੀ 'ਨਿਊਜ਼ੀਲੈਂਡ ਇਲੈਕਟ੍ਰਾਨਿਕ ਟ੍ਰੈਵਲ ਅਥਾਰਟੀ' ਅਤੇ ਦੂਜੀ ਹੋਏਗੀ 'ਇੰਟਰਨੈਸ਼ਨਲ ਵਿਜ਼ਟਰ ਕੰਜ਼ਰਵੇਸ਼ਨ ਐਂਡ ਟੂਰਿਜ਼ਮ ਲੇਵੀ' (9VL)। ਸਰਕਾਰ ਇਸ ਪ੍ਰਣਾਲੀ ਰਾਹੀਂ ਪ੍ਰਾਪਤ ਅਰਜ਼ੀਆਂ ਤੋਂ ਹਿਸਾਬ ਲਾ ਲਿਆ ਕਰੇਗੀ ਕੌਣ ਪ੍ਰਾਹੁਣਾ ਜਾਂ ਯਾਤਰੀ ਆ ਰਿਹਾ ਹੈ? ਉਸਦਾ ਅਪਰਾਧਿਕ ਪਿਛੋਕੜ ਕਿਹੋ ਜਿਹਾ ਹੈ? ਉਸਨੂੰ ਦੇਸ਼ ਦੇ ਵਿਚ ਦਾਖਲ ਹੋਣ ਵੇਲੇ ਏਅਰਪੋਰਟ ਉਤੇ ਘੱਟ ਸਮਾਂ ਲੱਗਿਆ ਕਰੇਗਾ, ਸੈਰ-ਸਪਾਟਾ ਵਿਭਾਗ ਨੂੰ ਦੇਸ਼ ਵਿਚ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਦਾ ਅਗਾਊਂ ਅੰਦਾਜ਼ ਹੋਇਆ ਕਰੇਗਾ ਅਤੇ ਯਾਤਰੀਆਂ ਦੀ ਸਹੂਲਤ ਵਾਸਤੇ ਵਧੀਆ ਪ੍ਰਬੰਧ ਕਰਨ ਵਿਚ ਵੀ ਸੁਵਿਧਾ ਹੋਵੇਗੀ।




ਇਹ ਆਨ ਲਾਈਨ ਆਗਿਆ 'ਵੀਜ਼ਾ-ਵੇਵਰ' (ਵੀਜ਼ ਮੁਕਤ) ਕੰਟਰੀਆਂ ਉਤੇ ਲਾਗੂ ਹੋਵੇਗੀ ਜੋ ਕਿ ਦੇਸ਼ ਦੇ ਵਿਚ ਚਾਹੇ ਰਹਿਣ ਆ ਰਹੇ ਹਨ ਤਾਂ ਫਿਰ ਇਥੇ ਪਹੁੰਚ ਕੇ ਦੂਜੀ ਫਲਾਈਟ (ਟਰਾਂਸਜਿਟ) ਲੈਣ ਵਾਸਤੇ ਦਾਖਲ ਹੋ ਰਹੇ ਹਨ। ਆਸਟਰੇਲੀਆ ਦੇ ਪੱਕੇ (ਪੀ. ਆਰ.) ਲੋਕਾਂ ਵਾਸਤੇ ਵੀ ਇਹ ਆਨ ਲਾਈਨ ਆਗਿਆ ਲੈਣੀ ਪਵੇਗੀ ਜੇਕਰ ਨਾਗਰਿਕ ਹੋਵੇਗਾ ਤਾਂ ਕੋਈ ਲੋੜ ਨਹੀਂ। ਨਿਊਜ਼ੀਲੈਂਡ ਦੀ ਨਾਗਰਿਕਤਾ ਅਤੇ ਵੀਜ਼ਾ ਰੱਖਣ ਵਾਲਿਆਂ ਨੂੰ ਇਸਦੀ ਲੋੜ ਨਹੀਂ ਹੋਏਗੀ। ਵੀਜ਼ੇ ਦੀ ਲੋੜ ਵਾਲੇ ਦੇਸ਼ਾਂ ਦੇ ਲੋਕ ਜੋ ਕਰੂਜ਼ (ਸਮੁੰਦਰੀ ਜ਼ਹਾਜ) ਰਾਹੀਂ ਇਥੇ ਪਹੁੰਚਣਗੇ ਉਨ੍ਹਾਂ ਨੂੰ ਵੀ ਇਹ ਆਨ ਲਾਈਨ ਆਗਿਆ ਲੈਣੀ ਪਵੇਗੀ ਜੇਕਰ ਇਥੇ ਜ਼ਹਾਜ਼ ਰਾਹੀਂ ਪਹੁੰਚ ਕੇ ਫਿਰ ਕਰੂਜ਼ ਫੜਨਾ ਹੈ ਤਾਂ ਵੀਜ਼ਾ ਲੈਣਾ ਪਵੇਗਾ। ਇਹ ਆਨ ਲਾਈਨ ਆਗਿਆ ਵਾਸਤੇ 72 ਘੰਟੇ ਦਾ ਸਮਾਂ ਵੀ ਲੱਗ ਸਕੇਗਾ ਵੈਸੇ ਆਮ ਤੌਰ 'ਤੇ ਜਲਦੀ ਹੋ ਜਾਇਆ ਕਰੇਗਾ। ਇਹ ਆਨ ਲਾਈਨ ਆਗਿਆ ਫਲਾਈਟ ਚੜ੍ਹਨ ਤੋਂ ਪਹਿਲਾਂ ਮੰਜੂਰ ਹੋਣੀ ਚਾਹੀਦੀ ਹੈ ਅਤੇ ਇਸਦੀ ਮਿਆਦ ਦੋ ਸਾਲ ਤੱਕ ਹੋਇਆ ਕਰੇਗੀ। ਮੋਬਾਇਲ ਐਪ ਰਾਹੀਂ ਅਰਜ਼ੀ ਦਾਖਲ ਕਰਨ ਉਤੇ ਆਨ ਲਾਈਨ ਆਗਿਆ ਦਾ ਖਰਚਾ 9 ਡਾਲਰ ਜਦ ਕਿ ਵੈਬ ਸਾਈਟ ਰਾਹੀਂ 12 ਡਾਲਰ ਹੋਇਆ ਕਰੇਗਾ। ਆਈ.ਵੀ. ਐਲ. (ਇੰਟਰਨੈਸ਼ਨਲ ਵਿਜ਼ਟਰ ਕੰਜ਼ਰਵੇਸ਼ਨ ਲੇਵੀ) ਵਾਸਤੇ 35 ਡਾਲਰ ਪ੍ਰਤੀ ਵਿਅਕਤੀ ਖਰਚਾ ਆਇਆ ਕਰੇਗਾ। ਸੋ ਸਰਕਾਰ ਨੇ ਵੀਜ਼ਾ ਮੁਕਤ ਦੇਸ਼ਾਂ ਦੇ ਯਾਤਰੀਆਂ ਲਈ ਵੀਜ਼ਾ ਸਹੂਲਤ ਤਾਂ ਮਾਫ ਰੱਖੀ ਹੈ ਪਰ ਤਰੀਕੇ ਨਾਲ ਉਨ੍ਹਾਂ ਦੀਆਂ ਜੇਬਾਂ ਜਰੂਰ ਕੁਝ ਸਾਫ ਕਰ ਲੈਣੀਆਂ ਹਨ।

# ਸਤਿਗੁਰੂ ਕਬੀਰ ਜੀ ਦਾ 621 ਵਾਂ ਪ੍ਰਕਾਸ਼ ਦਿਹਾੜਾ ਮਨਾਇਆ





**ਭੋਗਪੁਰ-** ਧਾਰਮਿਕ ਅਤੇ ਸਮਾਜਿਕ ਪਰਿਵਰਤਨ ਦੇ ਇਨਕਲਾਬੀ ਰਹਿਨੁਮਾ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ, ਡਾ ਭੀਮ ਰਾਓ ਅੰਬੇਡਕਰ ਚੇਤਨਾ ਮੰਚ ਭੋਗਪੁਰ ਵੱਲੋਂ ਬੜੀ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਮੰਚ ਦੇ ਸਮੂਹ ਮੈਂਬਰਾਂ ਅਤੇ ਸੰਗਤਾਂ ਨੇ ਸਤਿਗੁਰੂ ਕਬੀਰ ਜੀ ਦੀ ਤਸਵੀਰ ਨੂੰ ਫੁੱਲ ਅਰਪਣ ਕੀਤੇ।

ਮਾਸਟਰ ਸੂਰਤੀ ਲਾਲ ਜੀ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਾਨੂੰ ਸਤਿਗੁਰੂ ਕਬੀਰ ਜੀ ਦੀ ਬਾਣੀ ਅਤੇ ਉਪਦੇਸ਼ਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣਾ ਚਾਹੀਦਾ ਹੈ। ਸੂਬੇਦਾਰ ਹੰਸ ਰਾਜ ਜੀ ਨੇ ਕਿਹਾ ਕਿ ਸਤਿਗੁਰੂ ਕਬੀਰ ਜੀ ਨੇ ਸਮਾਜਿਕ ਸਾਂਝੀਵਾਲਤਾ ਦਾ ਉਪਦੇਸ਼ ਦਿੰਦਿਆਂ ਜਾਤੀ ਭੇਦ-ਭਾਵ ਦਾ ਜ਼ੋਰਦਾਰ ਖੰਡਨ ਕੀਤਾ। ਚਰਨਜੀਤ ਸਿੰਘ ਬਿਨਪਾਲਕੇ ਨੇ ਬੋਲਦਿਆਂ ਕਿਹਾ ਕਿ ਸਤਿਗੁਰੂ ਕਬੀਰ ਜੀ ਮਹਾਰਾਜ ਨੇ ਆਪਣੀ ਬਾਣੀ ਵਿੱਚ ਵਹਿਮਾਂ-ਭਰਮਾਂ, ਅੰਧ ਵਿਸ਼ਵਾਸਾਂ ਦਾ ਖੰਡਨ ਕਰਦਿਆਂ ਮਨੁੱਖ ਨੂੰ ਤਰਕਵਾਦੀ ਹੋਣ ਦਾ ਸੰਦੇਸ਼ ਦਿੱਤਾ ਹੈ।

ਇਸ ਮੌਕੇ ਮੰਚ ਦੇ ਪ੍ਰਧਾਨ ਪ੍ਰਿੰਸੀਪਲ ਗਿਰਦਾਰੀ ਲਾਲ, ਤੇਜਿੰਦਰ ਚੋਪੜਾ, ਸੇਵਾ ਸਿੰਘ ਟਾਂਡੀ, ਸੁੱਖ ਚੈਨ ਖਰਲ, ਪ੍ਰੇਮ ਜੌੜਾ, ਜੈ ਨਰਾਇਣ, ਸਰਬਜੀਤ ਸਨੌਰਾ, ਓਮ ਪ੍ਰਕਾਸ਼, ਰੌਸ਼ਨ ਲਾਲ ਸੌਧੀ, ਰਣਜੀਤ ਬਿਨਪਾਲਕੇ, ਲਵਪ੍ਰੀਤ ਭੂੰਦੀਆਂ, ਜਗਦੀਪ ਸਿੰਘ, ਬਲਜਿੰਦਰ ਸਿੰਘ, ਪਵਨ ਕੁਮਾਰ ਤੇ ਹੋਰ ਮੈਂਬਰ ਅਤੇ ਸੰਗਤਾਂ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭ ਕੈਲੇਫੋਰਨੀਆ ਦੀ ਮਹੀਨਾਵਾਰ ਇਕੱਤਰਤਾ 23 ਜੂਨ ਨੂੰ

**ਸੈਕਰਾਮੈਂਟੋ-** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ/ ਯੂਬਾ ਸਿਟੀ ਦੀ ਮਹੀਨਾਵਾਰ ਇਕੱਤਰਤਾ 23 ਜੂਨ 2019 ਦਿਨ ਐਤਵਾਰ ਦੁਪਹਿਰ 1:30 ਵਜੇ ਮਾਉਂਟੇਨ ਮਾਇ.ਕ ਪੀਜ਼ਾ 5640 ਔਬਰਨ ਬੁਲੇਵਾਰਡ ਸੈਕਰਾਮੈਂਟੋ ਵਿਖੇ ਹੋ ਰਹੀ ਹੈ।

ਸੰਸਥਾ ਦੀ ਕਾਰਜਕਾਰਨੀ ਐ ਸਮੂਹ ਮੈਂਬਰਾਂ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ
ਇੰਦਰਜੀਤ ਸਿੰਘ ਗਰੇਵਾਲ 916-248-1535,
ਰਮੇਸ਼ ਬੰਗੜ 916-821-2175



# ਬਸਪਾ ਨੂੰ ਪੰਜਾਬ ਦੀ ਸੱਤਾ ਤੇ ਕਾਬਜ ਕਰਕੇ ਹੀ ਸਾਹ ਲਵਾਂਗਾ- ਜਸਵੀਰ ਸਿੰਘ ਗੜ੍ਹੀ

**ਫਗਵਾੜਾ (ਬੀ ਕੇ ਰੱਤੂ)**– ਬਹੁਜਨ ਸਮਾਜ ਪਾਰਟੀ ਦੇ ਨਵ ਨਿਯੁਕਤ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਫਗਵਾੜਾ ਦੇ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ ਵਿਖੇ ਨਤਮਸਤਕ ਹੋ ਕੇ ਗੁਰੂ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਬਸਪਾ ਨੂੰ ਪੰਜਾਬ ਦੀ ਸੱਤਾ ਤੇ ਕਾਬਿਜ ਕਰਨ ਦਾ ਸੰਕਲਪ ਲਿਆ। ਇਸ ਦੌਰਾਨ ਮੰਦਰ ਕਮੇਟੀ ਵਲੋਂ ਜਸਵੀਰ ਸਿੰਘ ਗੜ੍ਹੀ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਜਸਵੀਰ ਸਿੰਘ ਗੜ੍ਹੀ ਨੇ ਮੰਦਰ ਦੇ ਚੌਗਿਰਦੇ ਵਿਚ ਬੂਟੇ ਲਗਾਏ ਅਤੇ ਗੱਲਬਾਤ ਕਰਦਿਆਂ ਕਿਹਾ ਕਿ ਬਸਪਾ ਦੀ ਰਾਸ਼ਟਰੀ ਪ੍ਰਧਾਨ ਭੈਣ ਮਾਇਆਵਤੀ ਨੇ ਜੋ ਜਿੰਮੇਵਾਰੀ ਦਿੱਤੀ ਹੈ ਉਸਨੂੰ ਤਨਦੇਹੀ ਨਾਲ ਅਤੇ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ।



ਸਾਰੇ ਸਾਥੀਆਂ ਨੂੰ ਨਾਲ ਲੈ ਕੇ ਬਸਪਾ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਕੰਮ ਕਰਨਗੇ। ਉਹਨਾਂ ਦਾਅਵਾ ਕੀਤਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦੇ ਮਿਸ਼ਨ ਅਤੇ ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆਂ ਨੂੰ ਪੂਰਾ ਕਰਕੇ ਹੀ ਸਾਹ ਲੈਣਗੇ। ਗੜ੍ਹੀ ਨੇ ਕਿਹਾ ਕਿ ਪੰਜਾਬ ਨੂੰ ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਚੁੰਗਲ ਤੋਂ ਆਜਾਦ ਕਰਵਾਇਆ ਜਾਵੇਗਾ ਅਤੇ ਇੱਥੇ ਬਸਪਾ ਦੇ ਝੰਡੇ ਹੇਠ ਗਰੀਬਾਂ ਦੀ ਮਦਦਗਾਰ ਸਰਕਾਰ ਸਥਾਪਤ ਕੀਤੀ ਜਾਵੇਗੀ। ਇਸ ਮੌਕੇ ਸੀਨੀਅਰ ਬਸਪਾ ਆਗੂ ਹਰਭਜਨ ਸਿੰਘ ਬਲਾਲੋਂ, ਕੌਂਸਲਰ ਰਮੇਸ਼ ਕੌਲ, ਅਸ਼ੋਕ ਸੰਧੂ, ਡਾ. ਸੁਖਵੀਰ ਸਲਾਰਪੁਰ, ਸ੍ਰੀਮਤੀ ਹਰਦੇਵ ਕੌਰ ਸ਼ਾਂਤ, ਪੀ.ਡੀ. ਸ਼ਾਂਤ, ਹਲਕਾ ਪ੍ਰਧਾਨ ਚਿਰੰਜੀ ਲਾਲ ਕਾਲਾ, ਪਰਮਜੀਤ ਖਲਵਾੜਾ, ਲੇਖਰਾਜ ਜਮਾਲਪੁਰ, ਤੇਜਪਾਲ ਬਸਰਾ, ਹਰਭਜਨ ਸੁਮਨ, ਪਰਮਿੰਦਰ ਬੋਧ, ਪ੍ਰਦੀਪ ਮੱਲ, ਹਰਭਜਨ ਖਲਵਾੜਾ, ਨਰਿੰਦਰ ਸਿੰਘ ਮਾਧੋਪੁਰ, ਅਮਰੀਕ ਪੰਡਵਾ, ਲਹਿੰਬਰ ਬਲਾਲੋਂ, ਰਾਮ ਮੂਰਤੀ ਖੇੜਾ, ਹਰਮੇਸ਼ ਲਾਲ ਮੇਹਟਾਂ, ਪਰਮਜੀਤ ਬੰਗੜ, ਯਸ਼ ਬਰਨਾ, ਗਿਆਨੀ ਜਸਵੀਰ ਸਿੰਘ, ਹੁਕਮ ਚੰਦ, ਕੁਲਵੰਤ ਦੜੌਚ ਆਦਿ ਹਾਜਰ ਸਨ।

# ਬਲਵੀਰ ਰਾਣੀ ਸੋਢੀ ਨੇ ਪਿੰਡ ਗੰਢਵਾਂ ਦੇ ਵਸਨੀਕਾਂ ਨੂੰ ਛੱਪੜ ਦੀ ਸਫਾਈ ਜਲਦੀ ਕਰਾਉਣ ਦਾ ਦਿੱਤਾ ਭਰੋਸਾ

**ਫਗਵਾੜਾ (ਬੀ ਕੇ ਰੱਤੂ)**– ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੀ ਪ੍ਰਧਾਨ ਬਲਵੀਰ ਰਾਣੀ ਸੋਢੀ ਨੇ ਅੱਜ ਪਿੰਡ ਗੰਢਵਾਂ ਦਾ ਦੌਰਾ ਕੀਤਾ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦੇ ਹੋਏ ਸਮੱਸਿਆਵਾਂ ਦਾ ਜਾਇਜਾ ਲਿਆ। ਪਿੰਡ ਵਾਸੀਆਂ ਨੇ ਸ੍ਰੀਮਤੀ ਰਾਣੀ ਸੋਢੀ ਨੂੰ ਦੱਸਿਆ ਕਿ ਇਸ ਸਮੇਂ ਛੱਪੜ ਦੀ ਸਫਾਈ ਉਹਨਾਂ ਦੀ ਮੁੱਖ ਸਮੱਸਿਆ ਹੈ। ਕਾਫੀ ਸਮੇਂ ਤੋ ਛੱਪੜ ਦੀ ਸਫਾਈ ਨਾ ਹੋਣ ਕਰਕੇ ਆਉਂਦੇੇਰਸਾਤ ਦੇ ਮੌਸਮ ਵਿਚ ਉਹਨਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ। ਰਾਣੀ ਸੋਢੀ ਨੇ ਛੱਪੜ ਦਾ ਮੁਆਇਨਾ ਕੀਤਾ ਅਤੇ ਦੱਸਿਆ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਲੋਂ ਸੂਬੇ ਭਰ ਵਿਚ ਛੱਪੜਾਂ ਦੀ ਸਫਾਈ ਕਰਵਾਈ ਜਾ ਰਹੀ ਹੈ। ਬਲਾਕ ਫਗਵਾੜਾ ਦੇ ਪਿੰਡਾਂ ਵਿਚ ਵੀ ਛੱਪੜਾਂ ਦੀ ਸਫਾਈ ਦਾ ਕੰਮ ਜੰਗੀ ਪੱਧਰ ਤੇ ਸ਼ੁਰੂ ਹੋ ਚੁੱਕਾ ਹੈ। ਉਹਨਾਂ ਭਰੋਸਾ ਦਿੱਤਾ ਕਿ ਜਲਦੀ ਹੀ ਇਸ ਛੱਪੜ ਦੀ ਸਫਾਈ ਵੀ ਕਰਵਾ ਦਿੱਤੀ ਜਾਵੇਗੀ। ਉਹਨਾਂ ਇਸ ਸਬੰਧੀ ਡੀ.ਡੀ.ਪੀ.ਓ. ਅਤੇ ਬੀ.ਡੀ.ਪੀ.ਓ. ਅਧਿਕਾਰੀਆਂ ਨਾਲ ਗੱਲ ਕਰਨ ਦਾ ਭਰੋਸਾ ਵੀ ਦਿੱਤਾ ਤਾਂ ਜੋ ਬਰਸਾਤ ਤੋਂ ਪਹਿਲਾਂ ਛੱਪੜ ਦੀ ਸਫਾਈ ਸੰਭਵ ਹੋ ਸਕੇ। ਉਹਨਾਂ ਕਿਹਾ ਕਿ ਪਿੰਡ ਵਿਚ ਵਿਕਾਸ ਦੇ ਹੋਰ ਵੀ ਜੋ ਕੰਮ ਅਧੂਰੇ ਪਏ ਹਨ ਉਹਨਾਂ ਨੂੰ ਨੇਪਰੇ ਚਾੜ੍ਹਨ ਦਾ ਕੰਮ ਜਲਦੀ ਸ਼ੁਰੂ ਕਰਵਾਇਆ ਜਾਵੇਗਾ। ਇਸ ਤੋਂ ਪਹਿਲਾਂ ਰਾਣੀ ਸੋਢੀ ਦੇ ਪਿੰਡ ਵਿਖੇ ਪੁੱਜਣ ਤੇ ਸਰਪੰਚ ਕਮਲੇਸ਼ ਕੌਰ ਦੀ ਅਗਵਾਈ ਹੇਠ ਸਮੂਹ ਗ੍ਰਾਮ ਪੰਚਾਇਤ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਜਸਵਿੰਦਰ ਠੇਕੇਦਾਰ, ਮੈਂਬਰ ਪੰਚਾਇਤ ਗਿਰਧਾਰੀ ਲਾਲ, ਕਸ਼ਮੀਰ ਕੌਰ, ਮੁਖਤਿਆਰ ਮੁਹੰਮਦ, ਦੀਸ਼ੋ, ਮਨਪ੍ਰੀਤ ਕੌਰ, ਕੁਲਵਿੰਦਰ ਕੌਰ ਤੋਂ ਇਲਾਵਾ ਰਾਜਕੁਮਾਰ, ਪਿਆਰਾ ਲਾਲ, ਬਲਵੀਰ ਸਿੰਘ, ਗੁਰਦੀਪ ਸਿੰਘ, ਇਕਬਾਲ ਸਿੰਘ, ਤਰਸੇਮ ਲਾਲ, ਚਰਨਜੀਤ, ਕਰਮਜੀਤ ਸਿੰਘ ਆਦਿ ਹਾਜਰ ਸਨ।



# ਸ੍ਰੀ ਗੁਰੂ ਰਵਿਦਾਸ ਕਾਲਜ ਫਗਵਾੜਾ ਦੇ ਚੇਅਰਮੈਨ ਸ੍ਰੀ ਊਧਮ ਚੰਦ ਦਾ ਯੂ.ਕੇ.ਆਉਣ ਤੇ ਨਿੱਘਾ ਸਵਾਗਤ

ਸ੍ਰੀ ਗੁਰੂ ਰਵਿਦਾਸ ਕਾਲਜ ਫਗਵਾੜਾ ਦੇ ਚੇਅਰਮੈਨ ਸ੍ਰੀ ਊਧਮ ਚੰਦ ਸਰੋਆ ਦੇ ਯੂ. ਕੇ. ਆਉਣ 'ਤੇ ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ., ਯੂਰਪ ਅਤੇ ਅਬਰੋਡ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਉਹ ਹੁਣ ਯੂ. ਕੇ. ਤੋਂ ਇਲਾਵਾ ਯੂਰਪ, ਬੈਲਜੀਅਮ, ਹਾਲੈਂਡ ਅਤੇ ਫਰਾਂਸ ਆਦਿ ਦੇਸ਼ਾਂ ਨੂੰ ਵੀ ਜਾਣਗੇ। ਇੰਡੀਅਨ ਹਾਈ ਕਮਿਸ਼ਨ ਲੰਡਨ ਵਿਖੇ ਪਹੁੰਚ ਕੇ ਸ੍ਰੀ ਸਰੋਆ ਨੇ ਇਕ ਟਰਾਫੀ ਇੰਡੀਅਨ ਹਾਈ ਕਮਿਸ਼ਨ ਲੰਡਨ ਦੇ ਉੱਚ ਅਧਿਕਾਰੀ ਕੌਂਸਲਰ ਸ੍ਰੀ ਦਿਨੇਸ਼ ਪ੍ਰਤਾਪ ਸਿੰਘ ਜੀ ਨੂੰ ਭੇਂਟ ਕੀਤੀ। ਸ੍ਰੀ ਸਰੋਆ ਜੀ ਨੇ ਇਸ ਮੌਕੇ 'ਤੇ ਇੰਡੀਅਨ ਹਾਈ ਕਮਿਸ਼ਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਕਾਲਜ ਫਗਵਾੜਾ ਦਾ ਪ੍ਰਬੰਧ ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ. ਯੂਰਪ ਅਤੇ ਅਬਰੋਡ ਨੂੰ ਸੰਭਾਲਣਾ ਚਾਹੀਦਾ ਹੈ ਤਾਂ ਕਿ ਇਸ ਦੀ ਤਰੱਕੀ ਹੋ ਸਕੇ। ਮੈਂ ਆਪਣੇ ਪੂਰੇ ਮਨ ਨਾਲ ਇਸ ਸੰਸਥਾ ਦੀ ਸੇਵਾ ਕਰ ਰਿਹਾ ਹਾਂ ਅਤੇ ਕਰਦਾ ਰਹਾਂਗਾ ਪਰ ਇਹ ਪ੍ਰਾਪਰਟੀ ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ., ਯੂਰਪ ਅਤੇ ਅਬਰੋਡ ਦੀ ਹੈ ਅਤੇ ਇਹਨਾਂ ਦੀ ਹੀ ਰਹੇਗੀ।

ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ. ਯੂਰਪ ਅਤੇ ਅਬਰੋਡ ਦੇ ਪ੍ਰਧਾਨ ਸ੍ਰੀ ਦਲਾਵਰ ਸਿੰਘ ਬਾਘਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਮੈਂ ਸ੍ਰੀ ਸਰੋਆ ਜੀ ਦੀ ਹਰ ਗੱਲ ਨੂੰ ਬਹੁਤ ਧਿਆਨ ਨਾਲ ਸੁਣਿਆ ਹੈ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ., ਯੂਰਪ ਅਤੇ ਅਬਰੋਡ ਦੀ ਮੀਟਿੰਗ ਜੋ ਸ੍ਰੀ ਗੁਰੂ ਰਵਿਦਾਸ ਭਵਨ ਪੈਰਿਸ ਵਿਖੇ 15 ਜੂਨ ਨੂੰ ਹੋਈ। ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ. ਯੂਰਪ ਅਤੇ ਅਬਰੋਡ ਦੇ ਵਾਈਸ ਪ੍ਰਧਾਨ ਸ੍ਰੀ ਰੇਸ਼ਮ ਬੰਗੜ ਨੇ ਕਿਹਾ ਕਿ ਸਭ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ। ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਗ੍ਰੇਵਜ਼ੈਂਡ ਦੇ ਸੀਨੀਅਰ ਵਾਈਸ ਪ੍ਰਧਾਨ ਸ੍ਰੀ ਗਿਆਨ ਚੰਦ, ਸ੍ਰੀ ਗੁਰੂ ਰਵਿਦਾਸ ਸਭਾ ਯੂ. ਕੇ., ਯੂਰਪ ਅਤੇ ਅਬਰੋਡ ਦੇ ਅਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਗ੍ਰੇਵਜ਼ੈਂਡ ਦੇ ਸਹਾਇਕ ਜਨਰਲ ਸੈਕਟਰੀ ਸ੍ਰੀ ਹਰਨੇਕ ਰਾਜ ਬੀਰਹਾ, ਖਜ਼ਾਨਚੀ ਸ੍ਰੀ ਸ਼ਰਧਾ ਰਾਮ ਕਲੇਰ, ਖਜਾਨਚੀ ਸ੍ਰੀ ਪ੍ਰਗਨ ਰਾਮ, ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਗ੍ਰੇਵਜ਼ੈਂਡ ਦੇ ਪ੍ਰਾਜੈਕਟ ਮੈਨੇਜਰ ਸ੍ਰੀ ਹਰੀ ਰਾਮ ਰੱਲ੍ਹ, ਸ੍ਰੀ ਗੁਰੂ ਰਵਿਦਾਸ ਭਵਨ ਸਟੂਰਡ ਦੇ ਜਨਰਲ ਸੈਕਟਰੀ ਦੇਸ ਰਾਜ ਬੰਗੜ ਜੀ ਉਚੇਚੇ ਤੌਰ 'ਤੇ ਸਮਾਗਮ ਵਿਚ ਹਿੱਸਾ ਲੈਣ ਲਈ ਪਹੁੰਚੇ।


ਸ੍ਰੀ ਸਰੋਆ ਵਲੋਂ ਹਾਈ ਕਮਿਸ਼ਨ ਅਧਿਕਾਰੀ ਦੀ ਸਨਮਾਨ ਕਰਨ ਮੌਕੇ ਦੀ ਤਸਵੀਰ







# ਪੰਡਿਤਰਾਓ ਧਰੇਨਵਰ ਲੱਚਰਤਾ, ਸ਼ਰਾਬੀਪਨ, ਹੱਥਿਆਰਾਂ ਨੂੰ ਆਪਣੀ ਗਾਇਕੀ ਵਿੱਚ ਪੇਸ਼ ਕਰਨ ਵਾਲੇ ਕਲਾਕਾਰਾਂ ਵਿਰੁੱਧ ਜਾਗਰੂਕ ਕਰਨ ਲਈ ਕੀਤਾ ਪ੍ਰਦਸ਼ਨ

**ਰਾਜਪੁਰਾ (ਡਾ ਗੁਰਵਿੰਦਰ ਅਮਨ)–** ਇਥੇ ਪੰਜਾਬੀ ਬੋਲੀ ਦੇ ਹਤੈਸ਼ੀ ਪ੍ਰੋਫੈਸਰ ਪੰਡਿਤ ਰਾਓ ਧਰੇਨਵਰ ਲੱਚਰਤਾ , ਸ਼ਰਾਬੀਪਨ, ਹੱਥਿਆਰਾਪਨ ਨੂੰ ਆਪਣੀ ਗਾਇਕੀ ਵਿੱਚ ਪੇਸ਼ ਕਰਨ ਵਾਲੇ ਕਲਾਕਾਰਾਂ ਵਿਰੁੱਧ ਜਾਗਰੂਕ ਕਰਨ ਲਈ ਪਹੁੰਚੇ ਉਨਾਂ ਗਗਨ ਚੌਂਕ ਵਿਚ ਖੜ੍ਹੇ ਹੋ ਕੇ ਆਮ ਲੋਕਾਂ ਲਈ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਲਈ ਪ੍ਰਚਾਰ ਕੀਤਾ।ਉਨ੍ਹਾਂ ਆਪਣੇ ਸਿਰ ਤੇ ਹਮੇਸ਼ਾ ਵਾਂਗ ਆਪਣੇ ਅੰਦਾਜ਼ ਵਿਚ ਸਾਈਨ ਬੋਰਡ ਚੁੱਕ ਕੇ ਸੜਕ ਕਿਨਾਰੇ ਖੜ੍ਹਕੇ ਪ੍ਰਚਾਰ ਕੀਤਾ ਅਤੇ ਉਸ ਤੋਂ ਬਾਅਦ ਉਹ ਆਲ






ਸਕੂਲ ਪੇਰੈਂਟਸ ਐਸੋਸੀਏਸ਼ਨ ਦੇ ਦਫਤਰ ਵਿਖੇ ਪਹੁੰਚੇ ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀਆਂ ਦਿੱਤੀ ਕਿ ਜਿਸ ਤਰਾਂ ਸਿੱਧੂ ਮੂਸੇਵਾਲਾ ਤੇ ਕਨੇਡਾ ਵਿਚ ਪਾਬੰਦੀ ਲੱਗੀ ਹੈ ਉਸ ਤਰਾਂ ਇਕ ਦਿਨ ਐਲ ਮਾਂਗਟ , ਕਰਨ ਔਜਲਾ, ਦਿਲਪ੍ਰੀਤ ਢਿੱਲੋਂ, ਸਿੰਗਾ ਵਰਗੇ ਤੇ ਵੀ ਪਾਬੰਦੀ ਲੱਗੇਗੀ । ਉਨ੍ਹਾਂ ਕਿਹਾ ਕਿ ਪੰਜਾਬ ਦੇ ਕਲਾਕਾਰਾਂ ਵਿੱਚ ਬਹੁਤ ਹੁਨਰ ਹਨ ਉਹ ਉਸ ਚੰਗੇ ਗਾਣੇ ਗਾ ਕੇ ਸਮਾਜ ਨੂੰ ਸੇਧ ਦੇਣ । ਇਸ ਮੌਕੇ ਉਨ੍ਹਾਂ ਨੂੰ ਆਲ ਸਕੂਲ ਪੇਰੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਧਮੋਲੀ ਅਤੇ ਟੀਮ ਮੈਂਬਰ ਸ਼ਿਵ ਕੁਮਾਰ ਭੂਰਾ, ਮਨੀਸ਼ ਕੁਮਾਰ ਬੱਤਰਾ, ਬਲਜਿੰਦਰ ਸਿੰਘ ਅਬਦਲਪੁਰ, ਰਾਜਨ ਚੌਧਰੀ, ਕੀਰਤ ਸਿੰਘ ਸੇਹਰਾ, ਐਡਵੋਕੇਟ ਸੰਦੀਪ ਕੁਮਾਰ ਬਾਵਾ , ਵਿਕਰਮਜੀਤ ਸਿੰਘ ਨਲਾਸ ਰੋਡ , ਮਨੀਸ਼ ਸੂਦ , ਅਮਰਿੰਦਰਪਾਲ ਸਿੰਘ ਅਤੇ ਹੋਰ ਮੈਂਬਰ ਹਾਜਰ ਸਨ।

# ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਦੀ ਵਿਦਿਆਰਥਣ ਪੂਜਾ ਨੇ 80 ਫੀਸਦੀ ਅੰਕ ਲੈ ਕੇ ਟੌਪ ਕੀਤਾ

**ਜਲੰਧਰ–**ਡੀ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ’ਚ 10+2 (ਆਰਟਸ) ਦੀ ਵਿਦਿਆਰਥਣ ਪੂਜਾ ਨੇ 80 ਫੀਸਦੀ ਨੰਬਰ ਹਾਲ ਕਰਕੇ ਸਕੂਲ ’ਚੋਂ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ। ਇਹ ਲੜਕੀ ਇਕ ਗਰੀਬ ਪਰਿਵਾਰ ਨਾਲ ਸਬੰਧਤ ਹੈ। ਸਕੂਲ ਦੇ ਪ੍ਰਿੰਸੀਪਲ ਪਰਮਜੀਤ ਜੱਸਲ, ਵਾਈਸ ਪ੍ਰਿੰਸੀਪਲ ਸਤਵਿੰਦਰ ਕੌਰ ਵੱਲੋਂ ਇਸ ਵਿਦਿਆਰਥਣ ਦਾ ਮੂੰਹ ਮਿੱਠਾ ਕੀਤਾ ਗਿਆ ਤੇ ਉਹਨਾਂ ਨੂੰ ਤੇ ਉਹਨਾਂ ਦੇ ਮਾਤਾ-ਪਿਤਾ ਨੂੰ ਵੀ ਸਕੂਲ ’ਚੋਂ ਚੰਗੀ ਪੁਜੀਸ਼ਨ ਲੈਣ ’ਤੇ ਵਧਾਈ ਦਿੱਤੀ। ਇਹਨਾਂ ਤੋਂ ਇਲਾਵਾ ਸ੍ਰੀ ਸੋਹਣ ਲਾਲ



ਸਾਂਪਲਾ (ਜਰਮਨੀ), ਬੀ. ਆਰ. ਕਟਾਰੀਆ ਯੂ. ਕੇ., ਰਜਿੰਦਰ ਕੁਮਾਰ ਯੂ. ਕੇ., ਡਾ. ਜੀ. ਸੀ. ਕੌਲ, ਹਰਭਜਨ ਸਾਂਪਲਾ ਐਡਵੋਕੇਟ, ਚਮਨ ਸਾਂਪਲਾ ਰਿਟਾਇਰਡ ਲੈਕਚਰਾਰ, ਮੈਡਮ ਸੰਤੋਸ਼ ਕੁਮਾਰੀ ਬਸਪਾ ਆਗੂ, ਸਾਲਗ ਰਾਮ ਕਾਨੂੰਗੋ, ਰੌਸ਼ਨ ਲਾਲ ਸੌਂਧੀ, ਜਸਵਿੰਦਰ ਰੱਲ੍ਹ ਸਾਬਕਾ ਸੰਮਤੀ ਮੈਂਬਰ ਬੱਲ, ਸੁਖਦੇਵ ਸੁੱਖੀ ਸਾਬਕਾ ਸਰਪੰਚ ਬੱਲ, ਰਮੇਸ਼ ਕੁਮਾਰ ਸਾਬਕਾ ਸਰਪੰਚ ਕਬੂਲਪੁਰ ਆਦਿ ਮਹਾਨ ਸ਼ਖਸੀਅਤਾਂ ਵੱਲੋਂ ਬੇਟੀ, ਉਹਨਾ ਦੇ ਮਾਤਾ-ਪਿਤਾ, ਸਕੂਲ ਦੇ ਪ੍ਰਿੰਸੀਪਲ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।

# ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ 21 ਤੋਂ
## ਪ੍ਰੋ. ਪ੍ਰਭਾਤ ਪਟਨਾਇਕ ਅਤੇ ਆਨੰਦ ਤੈਲਤੁੰਬੜੇ ਹੋਣਗੇ ਵਕਤਾ

ਜਲੰਧਰ– ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ’ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ, ਇਸ ਵਾਰ 21, 22 ਅਤੇ 23 ਜੂਨ ਨੂੰ ਹੋਏਗਾ। ਇਹ ਕੈਂਪ ਕਾਰਲ ਮਾਰਕਸ ਅਤੇ ਜਲ੍ਹਿਆਂਵਾਲਾ ਬਾਗ਼ ਸ਼ਤਾਬਦੀ ਨੂੰ ਸਮਰਪਤ ਹੋਏਗਾ।

ਇਸ ਕੈਂਪ ਦਾ ਆਗਾਜ਼ 21 ਜੂਨ ਸਵੇਰੇ 10:00 ਵਜੇ ਹੋਵੇਗਾ। ਇਸ ਮੌਕੇ ਡਾ. ਪ੍ਰਭਾਤ ਪਟਨਾਇਕ (ਪ੍ਰੋ. ਇਮੈਰੀਟਸ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ) ਆਪਣਾ ਭਾਸ਼ਣ "ਮਾਰਕਸਵਾਦ ਦੀ ਰੌਸ਼ਨੀ ’ਚ ਮੁਲਕ ਦਾ ਮੌਜੂਦਾ ਆਰਥਕ ਸੰਕਟ" ਵਿਸ਼ੇ ਉਪਰ ਕੇਂਦਰਤ ਕਰਨਗੇ।

ਕੈਂਪ ਦੇ ਦੂਜੇ ਦਿਨ 22 ਜੂਨ ਸਵੇਰੇ 9 ਵਜੇ ਪ੍ਰੋ. ਆਨੰਦ ਤੈਲਤੁੰਬੜੇ (ਪ੍ਰੋ., ਇੰਸਟੀਚਿਊਟ ਆਫ਼ ਮੈਨੇਜ਼ਮੈਂਟ, ਗੋਆ) "ਵਰਤਮਾਨ ਹਾਲਾਤ ਅਤੇ ਫਾਸ਼ੀਵਾਦ" ਵਿਸ਼ੇ ਉਪਰ ਵਿਚਾਰ ਰੱਖਣਗੇ।

21 ਜੂਨ ਸ਼ਾਮ ਪੀਪਲਜ਼ ਵਾਇਸ ਵੱਲੋਂ ਦਸਤਾਵੇਜ਼ੀ ਫ਼ਿਲਮ ਵਿਖਾਈ ਜਾਏਗੀ। 23 ਜੂਨ ਨੂੰ ਸਵੇਰੇ ਸਿਖਿਆਰਥੀਆਂ ਨੂੰ ਪ੍ਰਮਾਣ-ਪੱਤਰ ਅਤੇ ਪੁਸਤਕਾਂ ਨਾਲ ਸਨਮਾਨਤ ਕਰਦਿਆਂ ਕੈਂਪ ਦੀ ਸਮਾਪਤੀ ਹੋਏਗੀ। ਦੂਰੋਂ ਆਉਣ ਵਾਲੇ ਸਿਖਿਆਰਥੀਆਂ ਲਈ 20 ਜੂਨ ਦੀ ਰਾਤ ਨੂੰ ਠਹਿਰਣ ਦਾ ਇੰਤਜ਼ਾਮ ਕੀਤਾ ਹੋਏਗਾ।

# ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ ਵਲੋਂ ਮਾਸੂਮ ਫਤਿਹਵੀਰ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ

**ਫਗਵਾੜਾ (ਬੀ.ਕੇ ਰੱਤੂ)–** ਪਿਛਲੇ ਦਿਨੀ ਪਿੰਡ ਭਗਵਾਨਪੁਰਾ ਵਿਖੇ ਡੇਢ ਸੌ ਫੁੱਟ ਡੂੰਘੇ ਅਤੇ ਨੌ ਇੰਚ ਬੌਰ ਵਿੱਚ ਡਿੱਗੇ ਮਾਸੂਮ ਫਤਿਹਵੀਰ ਸਿੰਘ ਦੀ ਹੋਈ ਮੌਤ ਤੇ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ ਦੇ ਸਮੂਹ ਮੈਂਬਰਾਂ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ, ਚੇਅਰਮੈਨ ਸੰਤ ਮਹਿੰਦਰਪਾਲ ਪੰਡਵਾਂ, ਸੰਤ ਜਸਵਿੰਦਰ ਸਿੰਘ ਸੱਚਖੰਡ ਡਾਂਡੀਆ, ਸੰਤ ਹਾਕਮ ਦਾਸ ਸੰਧਵਾਂ, ਜਨਰਲ ਸਕੱਤਰ ਸੰਤ ਨਿਰਮਲ ਸਿੰਘ ਅਬਾਦਾਨ, ਸੰਤ ਮਹਿੰਦਰ ਦਾਸ ਬੀਰਮਪੁਰ, ਸੰਤ ਓਮ ਪ੍ਰਕਾਸ਼ ਹਵੇਲੀ , ਸੰਤ ਕਪੂਰ ਦਾਸ ਅਬਾਦਪੁਰਾ, ਸੰਤ ਆਤਮਾ ਦਾਸ ਅੱਪਰਾ, ਸੰਤ ਟਹਿਲ ਨਾਥ ਨੰਗਲ ਖੇੜਾ, ਸੰਤ ਜਸਵੰਤ ਸਿੰਘ, ਸੰਤ ਲਛਮਣ ਦਾਸ ਭਰੋਮਜਾਰਾ, ਸੰਤ ਬਾਬਾ ਜਿੰਦਰ ਜੀ, ਸੰਤ ਸਤਨਾਮ ਦਾਸ ਖੰਨੀ, ਸਾਂਈ ਪੱਪਲ ਸ਼ਾਹ



ਭਰੋਮਜਾਰਾ ਪ੍ਰਧਾਨ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ, ਸੰਤ ਗੁਰਮੀਤ ਰਾਮ ਹਾਜੀਪੁਰ, ਸੰਤ ਸਤਨਾਮ ਦਾਸ ਖੰਨੀ, ਬੀਬੀ ਮੀਨਾ ਦੇਵੀ ਜੇਜੋਂ ਦੁਆਬਾ ਆਦਿ ਨੇ ਜਿਥੇ ਫਤਿਹਵੀਰ ਸਿੰਘ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਉਥੇ ਉਨ੍ਹਾ ਪ੍ਰਮਾਤਮਾ ਦੇ ਚਰਨਾਂ ਵਿੱਚ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ ।




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045


Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਪੀਸੀਏ ਫਰਿਜ਼ਨੋ ਦੇ ਸੱਭਿਆਚਾਰਕ ਮੇਲੇ ਤੇ ਜਸਲੀਨ ਜੱਸੀ, ਦੀਪ ਢਿੱਲੋਂ ਅਤੇ ਤਰਸੇਮ ਜੱਸੜ ਨੇ ਕਰਵਾਈ ਬਹਿਜਾ ਬਹਿਜਾ



















**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਥਾਨਕ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਸ਼ਾਨਦਾਰ ਸੱਭਿਆਚਾਰਿਕ ਮੇਲਾ ਸਥਾਨਿਕ ਬਲੱਫ ਪੁਆਇੰਟ ਗੌਲਫ ਕੋਰਸ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਪਾਰਕ ਅੰਦਰ ਸਟੇਜ ਦੀ ਸ਼ੁਰੂਆਤ ਸਟੇਜਾਂ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਕਹਿੰਦਿਆ ਸ਼ਾਇਰਾਨਾ ਅੰਦਾਜ਼ ਵਿਚ ਕੀਤੀ।ਪੀਸੀਏ ਦੀਆਂ ਮੁਟਿਆਰਾਂ ਅਤੇ ਗੱਭਰੂਆਂ ਦੀਆਂ ਭੰਗੜਾ ਟੀਮਾਂ ਨੇ ਨੱਚ ਨੱਚਕੇ ਪੂਰੇ ਫਰਿਜ਼ਨੋ ਸ਼ਹਿਰ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ। ਪ੍ਰੋਗਰਾਮ ਦੀ ਸ਼ੁਰੂਆਤ ਨਵਜੋਤ ਫਰਿਜ਼ਨੋ ਨੇ ਧਾਰਮਿਕ ਗੀਤ ਨਾਲ ਕੀਤੀ।

ਇਸ ਪਿਛੋਂ ਵਾਰੀ ਆਈ ਜਸਪਿੰਦਰ ਰਾਇਨਾਂ ਦੀ ਜੀਹਨੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਸ ਪਿੱਛੋਂ ਵਾਰੀ ਆਈ ਸੁਰੀਲੀ ਜੋੜੀ ਜਸਲੀਨ ਜੱਸੀ ਤੇ ਦੀਪ ਢਿੱਲੋਂ ਦੀ ਜਿਹਨਾਂ ਨੇ ਆਪਣੇ ਨਵੇਂ ਪੁਰਾਣੇਂ ਗੀਤਾ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਅੱਧਾ ਘੰਟਾ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ। ਨਾਲ ਦੀ ਨਾਲ ਹਰਮਨ ਚਾਹਲ ਤੇ ਜੱਸ ਬਾਜਵਾ ਨੇ ਵੀ ਆਪਣੀ ਦਮਦਾਰ ਗਾਇਕੀ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਅਖੀਰ ਵਿੱਚ ਇੰਤਜ਼ਾਰ ਦੀਆਂ ਘੜੀਆ ਖਤਮ ਹੋਈਆਂ ਤੇ ਤਰਸੇਮ ਜੱਸੜ ਨੇ ਆਪਣੇ ਅੰਦਾਜ਼ ਵਿੱਚ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਉਂਦਿਆਂ ਆਪਣੇ ਬਹੁ-ਚਰਚਤ ਗੀਤ ਗਾਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡਗੇ ਤੇ ਥਿਰਕਦੇ ਮਹਿਸੂਸ ਹੋ ਰਹੇ ਸਨ।

ਇਸ ਮੌਕੇ ਪੀਸੀਏ ਟੀਮ ਵੱਲੋਂ ਉੱਘੇ ਫਾਰਮਰ ਰਾਜ ਕਾਹਲੋਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਤੁਹਾਨੂੰ ਯਾਦ ਹੋਣਾ ਕਿ ਇਹ ਓਹੀ ਰਾਜ ਕਾਹਲੋਂ ਹੈ ਜਿਸਨੇ ਅਮਰੀਕਾ ਦੀ ਹਿਸਟਰੀ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਦਾਨ ਪੰਜ ਮਿਲੀਅਨ ਡਾਲਰ ਯੂ ਸੀ ਮਰਸਿਡ ਨੂੰ ਦਿੱਤਾ 'ਤੇ ਉਹ ਫਰਿਜ਼ਨੋ ਸਟੇਟ ਯੂਨੀਵਰਸਿਟੀ ਵਿੱਚ ਵੀ ਸਿੱਖ ਚੇਅਰ ਸਥਾਪਿਤ ਕਰਨ ਲਈ ਕੋਸ਼ਿਸ਼ ਕਰ ਰਹੇ ਹਨ।

**ਇੱਥੇ ਇਹ ਵੀ ਜਿਕਰਯੋਗ ਹੈ ਕਿ ਆਸ਼ਾ ਸ਼ਰਮਾ ਜਿਹੜੇ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸਟੇਜਾਂ ਤੇ ਸਰਦਾਰੀ ਕਰਦੇ ਆ ਰਹੇ ਨੇ ਲੋਕੀਂ ਉਹਨਾਂ ਦੀ ਕਿੰਨੀ ਇੱਜ਼ਤ ਕਰਦੇ ਨੇ ਇਸ ਗੱਲ ਦਾ ਅੰਦਾਜ਼ਾ ਉਸ ਸਮੇਂ ਲੱਗਿਆ ਜਦੋਂ ਚਰਮ ਸੀਮਾਂ ਤੇ ਚੱਲ ਰਹੇ ਮੇਲੇ ਦੌਰਾਨ ਕੁਝ ਨੌਜਵਾਨ ਭੰਗੜਾ ਪਾਉਣ ਦੇ ਰੌਅ ਵਿੱਚ ਆ ਗਏ। ਆਸ਼ਾ ਸ਼ਰਮਾ ਨੇ ਬੜੇ ਅਦਬ ਨਾਲ ਸਮਝ-ਾਇਆ ਤੇ ਉਹ ਉੱਥੇ ਹੀ ਬੈਠਕੇ ਸੁਣਨ ਲੱਗੇ। ਤਰਸੇਮ ਜੱਸੜ, ਜੱਸ ਬਾਜਵਾ ਆਦਿ ਨੌਜਵਾਨ ਮੁੰਡੇ ਸ਼ਾਇਦ ਆਸ਼ਾ ਜੀ ਦੇ ਅਮਰੀਕਾ ਆਉਣ ਤੋਂ ਬਾਅਦ ਜੰਮੇ ਹੋਣ ਪਰ ਜੋ ਮਾਣ ਸਤਿਕਾਰ ਚਾਹੇ ਉਹ ਗੁਰਦਾਸ ਮਾਨ ਹੋਵੇ ਚਾਹੇ ਤਰਸੇਮ ਜੱਸੜ ਆਸ਼ਾ ਸ਼ਰਮਾ ਨੂੰ ਸਟੇਜ ਤੇ ਮਿਲਦਾ।** ਇਹਦੇ ਮਗਰ ਸ਼ਾਇਦ ਉਹਨਾਂ ਦੀ ਤਿੰਨ ਦਹਾਕਿਆਂ ਦੀ ਮਿਹਨਤ ਦਾ ਕਮਾਲ ਹੈ। ਇੰਡੀਅਨ ਕਬਾਬ ਪੈਲੇਸ ਰੈਸਟੋਰੈਂਟ ਵਾਲ਼ਿਆ ਵੱਲੋ ਲਾਇਆ ਗੰਨੇ ਦੇ ਰਸ ਅਤੇ ਜਲੇਬੀਆਂ ਦਾ ਸਟਾਲ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਰਿਹਾ। ਖਾਲਸਾ ਏਡ ਦੇ ਸਟਾਲ ਤੇ ਵੀ ਦਰਸ਼ਕਾਂ ਦਾ ਤੰਤਾ ਲੱਗਿਆ ਨਜ਼ਰ ਆਇਆ। ਅਖੀਰ ਵਿੱਚ ਸਪਾਂਸਰ ਸੱਜਣਾ ਨੂੰ ਸਨਮਾਨ ਚਿੰਨ ਦਿੱਤੇ ਗਏ। ਮੇਲੇ ਵਿੱਚ ਲੱਗੇ ਖਰੀਦੋ ਫਰੋਖ਼ਤ ਅਤੇ ਖਾਣ ਪੀਣ ਦੇ ਸਟਾਲ ਪੰਜਾਬ ਦੇ ਕਿਸੇ ਵੱਡੇ ਸੱਭਿਆਚਾਰਿਕ ਮੇਲੇ ਦਾ ਭੁਲੇਖਾ ਪਾ ਰਹੇ ਸਨ। ਇਸ ਤਰਾਂ ਪੀਸੀਏ ਮੈਂਬਰਾਂ ਦੀ ਮਿਹਨਤ ਨਾਲ ਕਾਮਯਾਬੀ ਦੇ ਝੰਡੇ ਗੱਡਦਾ ਪੀਸੀਏ ਦਾ ਇਹ ਸੱਭਿਆਚਾਰਿਕ ਮੇਲਾ ਯਾਦਗਾਰੀ ਹੋ ਨਿੱਬੜਿਆ।

(ਹੋਰ ਤਸਵੀਰਾਂ ਅਗਲੇ ਸਫੇ 'ਤੇ)

# ਪੀਸੀਏ ਫਰਿਜ਼ਨੋ ਦੇ ਸੱਭਿਆਚਾਰਕ ਮੇਲੇ ਤੇ ਜਸਲੀਨ ਜੱਸੀ, ਦੀਪ ਢਿੱਲੋਂ ਅਤੇ ਤਰਸੇਮ ਜੱਸੜ ਨੇ ਕਰਵਾਈ ਬਹਿਜਾ ਬਹਿਜਾ


















# ਰਾਸ਼ਟਰਪਤੀ ਦੀ ਪ੍ਰਾਇਮਰੀ ਚੋਣ ਲੜ ਰਹੇ ਐਰਿਕ ਸਵਾਲਵੈੱਲ ਲਈ ਕੀਤਾ ਗਿਆ ਫੰਡ ਰੇਜ਼ਿੰਗ ਸਮਾਰੋਹ





**ਫਰੀਮਾਂਟ (ਬਿਓਰੋ)-** ਅਮਰੀਕਾ 'ਚ ਆ ਰਹੀ ਰਾਸ਼ਟਰਪਤੀ ਦੀ ਚੋਣ ਲਈ ਡੈਮੋਕਰੇਟਿਕ ਪਾਰਟੀ ਵਲੋਂ ਪ੍ਰਾਇਮਰੀ ਚੋਣਾਂ 'ਚ ਹਿੱਸਾ ਲੈ ਰਹੇ ਐਰਿਕ ਸਵਾਲਵੈੱਲ ਜੋ ਕੈਲੀਫੋਰਨੀਆਂ ਡਿਸਟ੍ਰਿਕ-15 ਤੋਂ ਬਤੌਰ ਕਾਂਗਰਸਮੈਨ ਪਾਰਟੀ ਦੀ ਪ੍ਰਤੀਨਿਧਤਾ ਕਰ ਰਹੇ ਹਨ, ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਇੱਥੇ ਪੰਜਾਬੀ ਭਾਈਚਾਰੇ ਵਲੋਂ ਇਕ ਉਚੇਚਾ ਫੰਡ ਰੇਜ਼ਿੰਗ ਸਮਾਗਮ ਰਾਜਾ ਸਵੀਟਸ ਦੇ ਸ. ਮੱਖਣ ਸਿੰਘ ਬੈਂਸ, ਸ. ਅਮੋਲਕ ਸਿੰਘ ਗਾਖਲ, ਮਾਈਕ ਜੌਹਲ, ਬਾਲੀ ਮਾਂਗਟ, ਬੌਬ ਸਿੰਘ ਅਤੇ ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ ਦੀ ਅਗਵਾਈ ਹੇਠ ਅਯੋਜਿਤ ਕੀਤਾ ਗਿਆ। ਜਿਸ ਵਿਚ ਕੈਲੇਫੋਰਨੀਆਂ ਤੋਂ ਡੈਮੋਕਰੇਟਿਕ ਪਾਰਟੀ ਨਾਲ ਜੁੜੀਆਂ ਅਹਿਮ ਸਖਸ਼ੀਅਤਾਂ ਅਤੇ ਪੰਜਾਬੀ ਭਾਈਚਾਰੇ ਦੇ ਸਿਰਕੱਢ ਲੋਕਾਂ ਨੇ ਸ਼ਿਰਕਤ ਕੀਤੀ। ਸ੍ਰੀ ਐਰਿਕ ਸਵਾਲਵੈੱਲ ਨੂੰ ਪ੍ਰਾਇਮਰੀ ਚੋਣਾਂ 'ਚ ਅੱਗੇ ਨਿਕਲਣ ਲਈ ਹਰ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ ਅਤੇ ਉਨ੍ਹਾਂ ਨੂੰ ਵੱਡਾ ਫੰਡ ਵੀ ਦਿੱਤਾ ਗਿਆ। ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਸ੍ਰੀ ਸਵਾਲਵੈੱਲ ਉਨ੍ਹਾਂ ਦੇ ਕਰੀਬ ਦੋ ਦਹਾਕੇ ਪੁਰਾਣੇ ਮਿੱਤਰ ਹਨ ਅਤੇ ਉਹ ਕਾਂਗਰਸਮੈਨ ਬਣਨ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਜਾਣਦੇ ਹਨ ਅਤੇ ਉਨ੍ਹਾਂ ਨੇ ਭਾਰਤੀ ਅਤੇ ਖਾਸਕਰ ਪੰਜਾਬੀ ਭਾਈਚਾਰੇ ਨੂੰ ਹਮੇਸ਼ਾ ਸਹਿਯੋਗ ਦਿੱਤਾ ਹੈ। ਉਨ੍ਹਾਂ ਦੀ ਗੱਲ ਨੂੰ ਨੇੜੇ ਤੋਂ ਹੋ ਕੇ ਸੁਣਿਆ ਹੈ, ਇਸ ਲਈ ਅਸੀਂ ਕਾਮਨਾ ਕਰਦੇ ਹਾਂ ਕਿ ਉਨ੍ਹਾਂ ਦੀ ਮਿਹਨਤ ਨੂੰ ਬੂਰ ਪਵੇ ਅਤੇ ਅਜਿਹਾ ਹੋਣ ਨਾਲ ਪੰਜਾਬੀਆਂ ਨੂੰ ਹੋਰ ਵੀ ਵਡਿਆਈ ਮਿਲੇਗੀ। ਉਂਝ ਵੀ ਕੈਲੀਫੋਰਨੀਆਂ ਡੈਮੋਕਰੇਟਿਕ ਪਾਰਟੀ ਦੀ ਸਟੇਟ ਹੋਣ ਕਰਕੇ ਐਰਿਕ ਸਵਾਲਵੈੱਲ ਨੂੰ ਬਹੁਤ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ 'ਤੇ ਸਰਬਜੀਤ ਚੀਮਾ, ਸ਼ਰਨ ਕੌਰ, ਬਲਜੀਤ ਸੰਧੂ, ਯੂਨੀਅਨਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਸਰੂਪ ਸਿੰਘ ਝੱਜ ਤੇ ਹੋਰ ਵੀ ਨਾਮੀ ਸਖਸ਼ੀਅਤਾਂ ਇਸ ਸਮਾਗਮ ਵਿਚ ਹਾਜ਼ਰ ਸਨ ਅਤੇ ਵੱਡੀ ਗਿਣਤੀ ਵਿਚ ਬੀਬੀਆਂ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੀਆਂ। ਮੱਖਣ ਬੈਂਸ ਨੇ ਇਹ ਵੀ ਕਿਹਾ ਕਿ ਐਰਿਕ ਉਨ੍ਹਾਂ ਦੇ ਨਿੱਜੀ ਮਿੱਤਰਾਂ 'ਚੋਂ ਹਨ ਭਵਿੱਖ ਵਿਚ ਉਹ ਨਿੱਜੀ ਯਤਨਾਂ ਨਾਲ ਵੀ ਐਰਿਕ ਦੀ ਮਦਦ ਕਰਨਗੇ।

# ਸੈਕਰਾਮੈਂਟੋ ਪੀ. ਸੀ. ਐਸ. ਵੱਲੋਂ ਪਿਕਨਿਕ



**ਸੈਕਰਾਮੈਂਟੋ-** ਸੈਕਰਾਮੈਂਟੋ ਪੀ. ਸੀ. ਐਸ. ਵੱਲੋਂ 8 ਜੂਨ ਦਿਨ ਸ਼ਨਿਚਰਵਾਰ ਨੂੰ ਐਲਕ ਗਰੋਵ ਪਾਰਕ ਵਿਖੇ ਪਿਕਨਿਕ ਕਰਵਾਈ ਗਈ, ਜਿਸ ਵਿਚ ਸਮੁੱਚੇ ਪਰਿਵਾਰਾਂ, ਕਮੇਟੀ ਮੈਂਬਰਾਂ ਤੇ ਕੋਚਾਂ ਨੂੰ ਸੱਦਾ ਦਿੱਤਾ ਗਿਆ। ਇਸ ਪਿਕਨਿਕ ਦਾ ਇਕੋ ਹੀ ਮਕਸਦ ਸੀ, ਜਿਹਨਾਂ ਨੇ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਦਿਨ ਰਾਤ ਇਕ ਕਰਕੇ ਸਫਲ ਬਣਾਇਆ, ਉਹਨਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇ।

ਇਸ ਪਿਕਨਿਕ ਵਿਚ ਹਰ ਕਿਸਮ ਦੇ ਖਾਣੇ ਦਾ ਵੀ ਸਵਾਦ ਚੱਖਿਆ ਗਿਆ। ਮਾਉਂਟੇਨ ਮਾਈਕ ਵੱਲੋਂ ਪੀਜ਼ਾ ਸਰਵ ਕੀਤਾ ਗਿਆ। ਕੀ ਬੱਚਾ ਕੀ ਜਵਾਨ, ਹਰ ਇਕ ਨੇ ਆਨੰਦ ਮਾਣਿਆ। ਇਸ ਪਿਕਨਿਕ ਵਿਚ ਸਹੋਤਾ, ਪਰਮਜੀਤ ਢਿੱਲੋਂ, ਰਾਜ ਬਰਾੜ, ਪਰਮਜੀਤ ਔਲਖ, ਸੰਧੂ, ਕਮਲ ਬੰਗਾ, ਦਲਜੀਤ, ਰੋਜ਼ੀ ਸੰਧੂ, ਪਰਮਜੀਤ ਕੌਰ, ਰਾਣੀ ਸਰਹੱਦੀ, ਸਿਮਰਨ ਸੰਧੂ, ਰੁਪਿੰਦਰ ਕੌਰ ਇਹ ਸਾਰੇ ਪਰਿਵਾਰਾਂ ਸਮੇਤ ਪਹੁੰਚੇ। ਅਖੀਰ ਵਿਚ ਤੀਰਥ ਸਹੋਤਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਫਾਦਰਜ਼ ਡੇਅ ਮਨਾਇਆ ਗਿਆ





ਰਿਪੋਰਟ ਅਤੇ ਤਸਵੀਰਾਂ- ਸੰਤੋਖ ਸਿੰਘ ਗਿੱਲ

Read more
www.ambedkartimes.com






























# ਸਵ.ਸ.ਗੁਰਮੁਖ ਸਿੰਘ ਜੀ, ਮਾਤਾ ਤ੍ਰਿਪਤਾ ਕੌਰ ਜੀ, ਸਵ.ਸ.ਹਰਪ੍ਰੀਤ ਸਿੰਘ ਜੀ ਦੀ ਯਾਦ ਵਿਚ ਪਾਠ ਕਰਵਾਏ





**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਸਵ. ਸ. ਗੁਰਮੁਖ ਸਿੰਘ ਜੀ, ਮਾਤਾ ਤ੍ਰਿਪਤਪਾ ਕੌਰ ਜੀ, ਬੀਬੀ ਜਸਪਾਲ ਕੌਰ ਜੀ ਨੇ ਆਪਣੇ ਬੇਟੇ ਸਵ. ਸ. ਹਰਪ੍ਰੀਤ ਸਿੰਘ ਜੀ ਦੀ ਮਿੱਠੀ ਯਾਦ ਵਿਚ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਿਤੀ 16 ਜੂਨ ਦਿਨ ਐਤਵਾਰ ਨੂੰ ਮਨਾਈ ਗਈ, ਜਿਸ ਵਿਚ ਸੇਵਕ ਪਰਿਵਾਰ ਵੱਲੋਂ ਗੁਰੂ ਘਰ ਵਿਖੇ ਐਤਵਾਰ ਸਵੇਰੇ ਸ੍ਰੀ ਸਹਿਜ ਪਾਠ ਸਾਹਿਬ ਜੀ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।

ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹੈਡ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟੀਆ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ।

ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਕਬੀਰ ਜੀ ਮਹਾਰਾਜ ਅਤੇ ਧੰਨ ਧੰਨ ਸਤਿਗੁਰੂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ 21, 22, 23 ਜੂਨ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਮਨਾਏ ਜਾ ਰਹੇ ਹਨ।

**21 ਜੂਨ 2019 ਦਿਨ ਸ਼ੁੱਕਰਵਾਰ**
**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ,**
**23 ਜੂਨ 2019 ਦਿਨ ਐਤਵਾਰ**
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

# ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸਭਾ ਵਲੋਂ ਬੰਗਾ 'ਚ ਵਿਨੋਦ ਕੁਮਾਰ ਚੁੰਬਰ ਦਾ ਹੋਇਆ ਸਨਮਾਨ

**ਬੰਗਾ (ਬਿਓਰੋ) –** ਇੱਥੇ ਬੱਸ ਸਟੈਂਡ ਵਿਚ ਸਥਿਤ ਡਿੰਪੀ ਰੈਸਟੋਰੈਂਟ ਵਿਖੇ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਵਲੋਂ ਰੂਪ ਲਾਲ ਧੀਰ ਦੀ ਅਗਵਾਈ ਹੇਠ ਇਕ ਵਿਸ਼ੇਸ਼ ਸਮਾਗਮ ਅਯੋਜਿਤ ਕੀਤਾ ਗਿਆ ਜਿਸ ਵਿਚ ਕੈਲੀਫੋਰਨੀਆਂ ਤੋਂ ਉਚੇਚੇ ਤੌਰ 'ਤੇ ਪੁੱਜੇ ਉੱਘੇ ਸਮਾਜ ਸੇਵੀ ਅਤੇ ਸ਼੍ਰੀ ਗੁਰੂ ਰਵਿਦਾਸ ਸਭਾ ਬੇਏਰੀਆ ਦੇ ਪ੍ਰਧਾਨ ਵਿਨੋਦ ਕੁਮਾਰ ਚੁੰਬਰ ਦਾ ਦਲਿਤ ਸਮਾਜ ਅਤੇ ਡਾ. ਬੀ.ਆਰ. ਅੰਬੇਡਕਰ ਮਿਸ਼ਨ ਲਈ ਕੀਤੇ ਜਾ ਰਹੇ ਵਿਸ਼ੇਸ਼ ਕਾਰਜਾਂ ਲਈ ਸਨਮਾਨ ਕੀਤਾ ਗਿਆ।



ਇਸ ਮੌਕੇ 'ਤੇ ਬੋਲਦਿਆਂ ਸੰਸਥਾ ਦੇ ਮੁਖੀ ਰੂਪ ਲਾਲ ਧੀਰ ਨੇ ਕਿਹਾ ਕਿ ਵਿਨੋਦ ਕੁਮਾਰ ਚੁੰਬਰ ਬੇਏਰੀਆ 'ਚ ਉਸਾਰੀ ਜਾ ਰਹੀ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੀ ਅੱਤ ਅਧੁਨਿਕ ਇਮਾਰਤ ਨੂੰ ਅਮਲੀ ਰੂਪ ਦੇਣ ਲਈ ਅਹਿਮ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਸ੍ਰੀ ਚੁੰਬਰ ਵਲੋਂ ਇੱਥੇ ਪੁੱਜੇ ਮਿਸ਼ਨਰੀ ਗਾਇਕਾਂ ਨੂੰ ਮਾਇਕ ਸਹਾਇਤਾ ਦਿੱਤੇ ਜਾਣ ਲਈ ਵੀ ਧੰਨਵਾਦ ਕੀਤਾ। ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਕਿਹਾ ਕਿ ਉਹ ਆਪਣਿਆਂ 'ਚ ਆ ਕੇ ਖੁਸ਼ ਹਨ ਅਤੇ ਦਲਿਤ ਸਮਾਜ ਸ੍ਰੀ ਗੁਰੂ ਰਵਿਦਾਸ ਅਤੇ ਡਾ. ਬੀ.ਆਰ ਅੰਬੇਡਕਰ ਜੀ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣ ਵਾਲੀ ਇਸ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਦੇ ਸਮੂਹ ਅਹੁਦੇਦਾਰਾਂ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਬੁਲਾ ਕੇ ਮਾਣ ਸਨਮਾਨ ਦਿੱਤਾ।

ਸ੍ਰੀ ਵਿਨੋਦ ਕੁਮਾਰ ਚੁੰਬਰ ਵਲੋਂ ਉੱਘੇ ਮਿਸ਼ਨਰੀ ਗਾਇਕ ਰੂਪ ਲਾਲ ਧੀਰ, ਰਾਜ ਕੁਮਾਰ ਦਦਰਾਲ, ਰਜਨੀ ਠੱਕਰਵਾਲ, ਬਲਵਿੰਦਰ ਬਿੱਟੂ, ਪ੍ਰਸ਼ੋਤਮ ਸੱਲ੍ਹਣ, ਉੱਘੇ ਸਮਾਜ ਸੇਵਕ ਸਤਪਾਲ ਸਾਹਲੋਂ ਅਤੇ ਕਮਲ ਸੱਲ੍ਹਣ ਨੂੰ ਉਤਸ਼ਾਹਿਤ ਕਰਨ ਲਈ ਨਗਦ ਰਾਸ਼ੀ ਵੀ ਭੇਟ ਕੀਤੀ। ਇਨ੍ਹਾਂ ਗਾਇਕਾਂ ਨੂੰ ਅਮਰੀਕਾ ਆਉਣ ਦਾ ਸੱਦਾ ਵੀ ਦਿੱਤਾ।


TANDOOR
Indian Restaurant
27167 Mission Blvd. Hayward, CA 95544





ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

# ਜਿਊਂਦੀ ਇਨਸਾਨੀਅਤ ਵਾਲ਼ੇ ਅਫ਼ਸਰ



ਬਲਵੀਰ ਮੰਨਣ
91-94173-45485

ਇਹ ਗੱਲ ਸ਼ਾਇਦ ਸੰਨ 2008 ਦੀ ਹੈ, ਜਦੋਂ ਕ੍ਰਿਸ਼ਨ ਕੁਮਾਰ (ਆਈ. ਏ. ਐੱਸ.) ਪੰਜਾਬ ਦੀ ਸਕੂਲੀ ਸਿੱਖਿਆ ਦੇ ਡਾਇਰੈਕਟਰ ਜਨਰਲ ਸਨ।

ਉਨ੍ਹੀਂ ਦਿਨੀਂ ਸਰਕਾਰ ਵਲੋਂ ਇੱਕ ਯੋਜਨਾ ਸ਼ੁਰੂ ਕੀਤੀ ਗਈ ਸੀ, ਜਿਸ ਦਾ ਮਕਸਦ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਉਨ੍ਹਾਂ ਬੱਚਿਆਂ ਦਾ ਮੁਫ਼ਤ ਇਲਾਜ ਕਰਵਾਉਣਾ ਸੀ, ਜਿਹੜੇ ਦਿਲ ਵਿੱਚ ਛੇਕ ਵਰਗੀ ਨਾ-ਮੁਰਾਦ ਬਿਮਾਰੀ ਤੋਂ ਪੀੜਤ ਸਨ। ਉਨ੍ਹਾਂ ਦਿਨਾਂ ਵਿੱਚ ਮੈਂ ਬਲਾਕ ਅਲਾਵਲਪੁਰ (ਜਲੰਧਰ) ਵਿੱਚ ਆਈ. ਈ. ਡੀ. (ਇਨਕਲੂਸਿਵ ਐਜੂਕੇਸ਼ਨ ਫ਼ਾਰ ਡਿਸ-ਏਬਲਡ) ਕੰਪੋਨੈਂਟ ਦੇ ਬੀ. ਆਰ. ਪੀ. (ਬਲਾਕ ਰਿਸੋਰਸ ਪਰਸਨ) ਵਜੋਂ ਡਿਊਟੀ ਕਰ ਰਿਹਾ ਸਾਂ। ਏਸੇ ਬਲਾਕ ਵਿੱਚ ਪੈਂਦੇ ਇੱਕ ਪਿੰਡ ਨੰਗਲ ਫੀਦਾ ਦੇ ਸਰਕਾਰੀ ਸਕੂਲ ਵਿੱਚ ਦੂਜੀ ਜਮਾਤ ਵਿੱਚ ਇੱਕ ਲੜਕੀ ਪੜ੍ਹਦੀ ਸੀ, ਜਿਸ ਦੇ ਦਿਲ ਵਿੱਚ ਛੇਕ ਸੀ। ਉਹ ਵਿਚਾਰੀ ਦੋ-ਚਾਰ ਪੈਰ ਤੁਰ ਕੇ ਹੰਭ ਜਾਇਆ ਕਰਦੀ ਸੀ। ਉਸ ਦੀ ਉਮਰ ਦੇ ਤੇ ਵੱਡੇ-ਛੋਟੇ ਖੇਡਦੇ, ਬੇਫ਼ਿਕਰ ਦੌੜਦੇ ਫਿਰਦੇ ਬੱਚਿਆਂ ਵੱਲ ਤੱਕ-ਤੱਕ ਕੇ ਉਸ ਦੀ ਮਾਨਸਿਕਤਾ ਸ਼ਾਇਦ ਉਹੋ ਜਿਹੀ ਹੀ ਹੁੰਦੀ ਹੋਵੇਗੀ, ਜਿਹੋ ਜਿਹੀ ਪੈਲ ਪਾਉਂਦੇ ਮੋਰ ਦੀ, ਆਪਣਿਆਂ ਪੈਰਾਂ ਵੱਲ ਤੱਕ ਕੇ। ਘਰ ਦੇ ਗ਼ਰੀਬ ਸਨ ਤੇ ਬੀਮਾਰੀ ਦਾ ਇਲਾਜ ਕਰਵਾਉਣਾ ਉਨ੍ਹਾਂ ਦੇ ਵੱਸੋਂ ਬੜੇ ਦੂਰ ਦੀ ਗੱਲ ਸੀ। ਜਿਵੇਂ-ਕਿਵੇਂ ਦਿਨ ਕਟੀ ਹੋ ਰਹੀ ਸੀ।

ਮੁਫ਼ਤ ਇਲਾਜ ਬਾਬਤ ਜਦੋਂ ਇਹ ਸਕੀਮ ਸ਼ੁਰੂ ਹੋਈ ਤਾਂ ਅਸਾਂ ਰਲ਼ ਕੇ ਉਸ ਦੇ ਇਲਾਜ ਹਿਤ ਯਤਨ-ਪ੍ਰਯਤਨ ਆਰੰਭੇ। ਕਾਗ਼ਜ਼ੀ ਲਿਖ਼ਤਾਂ-ਪੜ੍ਹਤਾਂ ਤੋਂ ਬਾਅਦ ਉਸ ਲੜਕੀ ਨੂੰ ਜ਼ਿਲ੍ਹੇ ਦੇ ਮੁੱਖ ਸਰਕਾਰੀ ਹਸਪਤਾਲ ਵਲੋਂ ਅਪਰੇਸ਼ਨ ਹਿਤ ਪੀ. ਜੀ. ਆਈ. ਚੰਡੀਗੜ੍ਹ ਲਈ ਰੈਫ਼ਰ ਕਰ ਦਿੱਤਾ ਗਿਆ।

> **ਵੀਹ ਕੁ ਮਿੰਟ ਬਾਅਦ ਮੇਰਾ ਫ਼ੋਨ ਵੱਜਿਆ ਤਾਂ ਉਨ੍ਹਾਂ ਦਾ ਨੰਬਰ ਮੇਰੇ ਮੋਬਾਇਲ ਦੀ ਸਕਰੀਨ 'ਤੇ ਸੀ। ਮੈਂ ਚਾਰੋਂ ਖਾਨੇ ਚਿੱਤ। ਖ਼ੈਰ! ਕੰਬਦੀਆਂ ਉਗ਼ਲਾਂ ਨਾਲ ਫ਼ੋਨ ਸਾਂਭ ਕੇ ਕੰਨ ਨੂੰ ਲਾਇਆ ਤੇ ਆਪਣਾ ਤੁਆਰਫ਼ ਕਰਵਾਉਂਦਿਆਂ ਸਾਰੀ ਗੱਲ ਦੱਸੀ। ਉਨ੍ਹਾਂ ਨੇ ਪੂਰੀ ਗੱਲ ਧਿਆਨ ਨਾਲ ਸੁਣੀ ਤੇ ਮੈਨੂੰ ਕਹਿਣ ਲੱਗੇ, ਉਤੁਸੀਂ ਉਸ ਬੱਚੀ ਦੇ ਮਾਪਿਆਂ ਨਾ਼ਲ ਰਾਬਤਾ ਰੱਖਣਾ।" ਉਸੇ ਦਿਨ ਸਾਡੀ ਜ਼ਿਲ੍ਹਾ ਪੱਧਰੀ ਮੀਟਿੰਗ ਸੀ ਤੇ ਮੈਂ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਜਲੰਧਰ ਜਾਂਦਿਆਂ ਅਜੇ ਪਠਾਨਕੋਟ ਬਾਈਪਾਸ ਦੇ ਨੇੜੇ ਸਾਂ (ਕਰੀਬਨ ਸਾਢੇ ਗਿਆਰਾਂ ਵੱਜੇ ਹੋਣਗੇ) ਕਿ ਮੈਨੂੰ ਸਾਡੇ ਜ਼ਿਲ੍ਹਾ ਕੋ-ਆਰਡੀਨੇਟਰ ਦਾ ਫ਼ੋਨ ਆਇਆ ਤੇ ਉਨ੍ਹਾਂ, ਕੀਤੇ ਫ਼ੋਨ ਬਾਰੇ ਗੱਲ ਕਰਦਿਆਂ ਦੱਸਿਆ ਕਿ ਮੁੱਖ ਦਫ਼ਤਰ (ਚੰਡੀਗੜ੍ਹ) ਤੋਂ ਫ਼ੋਨ ਆਇਆ ਹੈ ਕਿ ਬੱਚੀ ਦੇ ਮਾਪਿਆਂ ਨਾ਼ਲ ਰਾਬਤਾ ਕਰ ਕੇ ਅੱਜ ਹੀ ਉਨ੍ਹਾਂ ਨੂੰ ਬੱਚੀ ਸਮੇਤ ਕਾਰ ਵਿੱਚ ਪੀ. ਜੀ. ਆਈ. ਭੇਜ ਦਿਓ। ਬੱਸ ਵਿੱਚ ਨਾ ਜਾਣ, ਕਾਰ ਦਾ ਕਿਰਾਇਆ ਸਰਵ ਸਿੱਖਿਆ ਅਭਿਆਨ ਦੇਵੇਗਾ।**

ਗ਼ਰੀਬ ਮਾਪੇ ਲੜਕੀ ਨੂੰ ਬੱਸ ਵਿੱਚ ਬਿਠਾ ਕੇ ਪੀ. ਜੀ. ਆਈ. ਲੈ ਗਏ, ਜਿੱਥੇ ਉਨ੍ਹਾਂ ਦੀ ਕਿਸੇ ਨੇ ਬਾਤ ਨਾ ਪੁੱਛੀ। ਜਿਹੜੀ ਬੱਚੀ ਚਾਰ ਪੈਰ ਵੀ ਤੁਰ ਨਹੀਂ ਸੀ ਸਕਦੀ, ਉਸ ਲਈ, ਭਾਵੇਂ ਬੱਸ ਵਿੱਚ ਹੀ, ਐਡੀ ਦੂਰ ਦਾ ਸਫ਼ਰ ਕਰਨਾ ਕਿੰਨਾ ਕੁ ਔਖਿਆਈ ਭਰਿਆ ਹੋਵੇਗਾ, ਤੁਸੀਂ ਸਹਿਜੇ ਹੀ ਅਨੁਭਵ ਕਰ ਸਕਦੇ ਹੋ। ਮਾਪਿਆਂ ਨੂੰ ਨਿਰਾਸ਼ਾ ਤਾਂ ਹੋਈ, ਜਦੋਂ ਉਨ੍ਹਾਂ ਨੂੰ ਅਗਲੀ ਤਰੀਕ ਦੇ ਦਿੱਤੀ ਗਈ ਪਰ ਫਿਰ ਵੀ ਆਸ ਦਾ ਦੀਵਾ ਉਨ੍ਹਾਂ ਦੇ ਮਨ ਦੇ ਕਿਸੇ ਕੋਨੇ ਜਗ-ਮਘ ਰਿਹਾ ਸੀ। ਓਸੇ ਮਘਦੇ ਦੀਵੇ ਦੇ ਨਿੱਘ ਨੇ ਅਤੇ ਬੱਚੀ ਦੇ ਨਿਰੋਗ ਭਵਿੱਖ ਦੀ ਆਸ ਰੂਪੀ ਕਿਰਨ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਤੇ ਉਹ ਇੱਕ ਹੋਰ ਦਿਹਾੜੀ ਤੋੜ ਕੇ, ਔਖਿਆਂ-ਸੌਖਿਆਂ ਹੋ ਕੇ, ਬੱਚੀ ਨੂੰ ਫਿਰ, ਦਿੱਤੀ ਹੋਈ ਤਰੀਕ 'ਤੇ, ਪੀ. ਜੀ. ਆਈ. ਲੈ ਪੁੱਜੇ। ਅੱਗੋਂ ਫਿਰ ਤਰੀਕ।

ਦੋ-ਤਿੰਨ ਵਾਰ ਅਜੇਹਾ ਹੀ ਹੋਇਆ ਤਾਂ ਜਦੋਂ ਹੁਣ ਉਹ ਪੀ. ਜੀ. ਆਈ. ਤੋਂ ਵਾਪਸ ਮੁੜਨ ਲੱਗੇ ਤਾਂ ਓਥੇ ਝਾੜੂ ਲਾ ਰਹੇ ਇੱਕ ਆਦਮੀ ਨੇ ਉਨ੍ਹਾਂ ਦੀ ਹਾਲਤ ਤੱਕ ਕੇ ਉਨ੍ਹਾਂ ਦਾ ਦਰਦ ਸੁਣਿਆ। ਸਾਰੀ ਗੱਲ ਸੁਣ ਕੇ ਉਸ ਨੇ ਉਨ੍ਹਾਂ ਨੂੰ ਮਸ਼ਵਰਾ ਦਿੱਤਾ, ਉਕੋਈ ਨਾ ਕੋਈ ਸਿਫਾਰਸ਼ ਲੱਭੋ।" ਗ਼ਰੀਬ ਮਾਪਿਆਂ ਦੀ ਆਸ ਦੀ ਕਿਰਨ ਦਾ ਟਿਮਟਿਮਾਉਂਦਾ ਦੀਵਾ ਜਿਵੇਂ ਗੁਲ ਹੋ ਗਿਆ।

ਉਹ ਟੁੱਟੇ-ਹੰਭੇ-ਹਾਰੇ ਮੁੜ ਆਏ। ਸਭ ਆਸਾਂ ਮੁਰਝਾਅ ਗਈਆਂ, ਸੁੱਕ ਗਈਆਂ। ਸਕੂਲ ਵਾਲ਼ਿਆਂ ਦੇ ਪੁੱਛਣ 'ਤੇ ਉਨ੍ਹਾਂ ਸਾਰੀ ਗੱਲ ਦੱਸੀ ਤੇ ਅੱਗੇ ਤੋਂ ਪੀ. ਜੀ. ਆਈ. ਜਾਣ ਲਈ ਬੇਵਸੀ ਜ਼ਾਹਰ ਕੀਤੀ।

ਅਧਿਆਪਕਾਂ ਨੇ ਇਸ ਗੱਲ ਤੋਂ ਮੈਨੂੰ ਜਾਣੂੰ ਕਰਵਾਉਣਾ ਹੀ ਸੀ। ਮੈਂ ਸੁਣ ਕੇ ਬੜਾ ਪਰੇਸ਼ਾਨ ਹੋਇਆ। ਕੋਈ ਨਾ ਕੋਈ ਹੱਲ ਸੋਚਣ ਲੱਗਾ। ਕਈ ਉਤਰਾਅ-ਚੜ੍ਹਾਅ ਮਨ ਵਿੱਚ ਆਉਣ। ਕਦੇ ਮਨ ਵਿੱਚ ਆਵੇ ਕਿ ਮਾਪਿਆਂ ਨੂੰ ਪੱਤਰਕਾਰਾਂ ਕੋ਼ਲ ਲੈ ਜਾਈਏ ਤੇ ਮੀਡੀਆ ਰਾਹੀ ਗੱਲ ਸਰਕਾਰ ਦੇ ਕੰਨਾਂ ਤੱਕ ਪਹੁੰਚੇ ਤਾਂ ਜੋ ਲੜਕੀ ਦਾ ਇਲਾਜ ਹੋ ਸਕੇ। ਕਦੇ ਮਨ ਵਿੱਚ ਆਵੇ ਕਿ ਬੱਚੀ ਸਮੇਤ ਮਾਤਾ-ਪਿਤਾ ਨੂੰ ਡੀ. ਸੀ. ਸਾਹਿਬ ਪਾਸ ਲੈ ਜਾਈਏ ਤੇ ਉਨ੍ਹਾਂ ਨੂੰ ਸਾਰੀ ਵਿਥਿਆ ਦੱਸੀਏ ਤਾਂ ਜੋ ਕੋਈ ਸੁਚੱਜੀ ਕਾਰਵਾਈ ਹੋ ਸਕੇ (ਉਨ੍ਹੀਂ ਦਿਨੀਂ ਕ੍ਰਿਸ਼ਨ ਕੁਮਾਰ ਨੇ ਡੀ. ਸੀਜ਼. ਨੂੰ ਵੀ ਯਾਦ ਕਰਵਾਅ ਦਿੱਤਾ ਸੀ ਕਿ ਉਹ ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੇ ਚੇਅਰਪਰਸਨਜ਼ ਵੀ ਹਨ ਤੇ ਇਸ ਕਮੇਟੀ ਦੀਆਂ ਬਾਕਾਇਦਾ ਮੀਟਿੰਗਾਂ ਵੀ ਹੋਣ ਲੱਗੀਆਂ ਸਨ)। ਫਿਰ ਦਫ਼ਤਰ ਜਾਂਦੇ ਦੇ ਮਨ ਵਿੱਚ ਇੱਕ ਫੁਰਨਾ ਆਇਆ ਕਿ ਕਿਉਂ ਨਾ ਇਹ ਸਾਰੀ ਗੱਲ ਕਿੱਤੇ ਨੂੰ ਪੂਰਨ ਪਿਆਰ ਕਰਨ ਵਾਲੇ ਡਾਇਰੈਕਟਰ ਜਨਰਲ ਕ੍ਰਿਸ਼ਨ ਕੁਮਾਰ ਨਾ਼ਲ ਹੀ ਕੀਤੀ ਜਾਵੇ।

ਇਸੇ ਫੁਰਨੇ ਦੇ ਆਉਂਦਿਆਂ ਇੱਕ ਡਰ ਵੀ ਮਨ ਉੱਪਰ ਬੱਦ਼ਲ ਰੂਪ ਵਿੱਚ ਉਮੜ ਆਇਆ ਕਿ ਜਦੋਂ ਮੈਂ ਆਪਣੇ ਮੋਬਾਇਲ ਤੋਂ ਉਨ੍ਹਾਂ ਦੇ ਨਿੱਜੀ ਮੋਬਾਇਲ (ਭਾਵੇਂ ਸਹੀ ਅਰਥਾਂ ਵਿੱਚ ਉਹ ਜਨਤਕ ਹੀ ਸੀ) 'ਤੇ ਫ਼ੋਨ ਕਰਾਂਗਾ ਤਾਂ ਮੇਰਾ ਮੋਬਾਇਲ ਨੰਬਰ ਉਨ੍ਹਾਂ ਦੇ ਮੋਬਾਇਲ ਵਿੱਚ ਪੁੱਜ ਜਾਵੇਗਾ। ਰੱਬ ਨਾ ਕਰੇ, ਗਾਹੇ-ਬਗਾਹੇ ਕਦੇ ਮੇਰੇ ਡਿਊਟੀ ਤੋਂ ਏਧਰ-ਓਧਰ ਹੁੰਦਿਆਂ ਉਨ੍ਹਾਂ ਦਾ ਫ਼ੋਨ ਆਇਆ ਤੇ ਉਨ੍ਹਾਂ ਨੇ ਪੁੱਛ ਲਿਆ (ਉਹ ਅਕਸਰ ਅਜਿਹਾ ਕਰ ਲੈਂਦੇ ਹਨ), ਉਕਿੱਥੇ ਓਂ?" ਤਾਂ ਬੜਾ ਔਖਾ ਹੋ ਜਾਣਾ। ਪਰ ਹੌਸਲਾ ਕਰ ਲਿਆ ਕਿ ਮੇਰੀ ਨੌਕਰੀ ਨਾਲੋਂ ਉਸ ਬੇਟੀ ਦੀ ਜ਼ਿੰਦਗੀ ਕਿਤੇ ਵਧੇਰੇ ਕੀਮਤੀ ਹੈ, ਉਹ ਬੱਚੀ ਜਿਸ ਦਾ ਇਸ ਜਗ ਨੂੰ ਨਿਹਾਰਨਾ ਅਜੇ ਬਾਕੀ ਹੈ।

ਦਫ਼ਤਰ ਪਹੁੰਚ ਕੇ, ਜ਼ਰਾ ਰੁਕ ਕੇ, ਫ਼ੋਨ ਲਾ ਦਿੱਤਾ। ਉਨ੍ਹਾਂ ਫ਼ੋਨ ਨਾ ਚੁੱਕਿਆ। ਇੱਕ ਵਾਰ ਮਨ ਵਿੱਚ ਆਇਆ ਕਿ ਅਸਾਂ ਤਾਂ ਆਪਣਾ ਫ਼ਰਜ਼ ਅਦਾ ਕਰ ਲਿਆ। ਦੁਨੀਆਂ ਪੁੱਛੇਗੀ ਤਾਂ ਆਖਾਂਗੇ, ਉਅਸੀਂ ਤਾਂ ਫ਼ੋਨ ਕੀਤਾ ਸੀ, ਉਨ੍ਹਾਂ ਨੇ ਨਹੀਂ ਚੁੱਕਿਆ।" ਪਰ ਕੁਝ ਚਿਰ ਬਾਅਦ ਉਸ ਮਾਸੂਮ ਬੱਚੀ ਦਾ ਚਿਹਰਾ ਫਿਰ ਅੱਖਾਂ ਅੱਗੇ ਆ ਗਿਆ। ਫਿਰ ਫ਼ੋਨ ਕੀਤਾ। ਉਨ੍ਹਾਂ ਫਿਰ ਨਾ ਚੁੱਕਿਆ।

ਵੀਹ ਕੁ ਮਿੰਟ ਬਾਅਦ ਮੇਰਾ ਫ਼ੋਨ ਵੱਜਿਆ ਤਾਂ ਉਨ੍ਹਾਂ ਦਾ ਨੰਬਰ ਮੇਰੇ ਮੋਬਾਇਲ ਦੀ ਸਕਰੀਨ 'ਤੇ ਸੀ। ਮੈਂ ਚਾਰੋਂ ਖਾਨੇ ਚਿੱਤ। ਖ਼ੈਰ! ਕੰਬਦੀਆਂ ਉਗ਼ਲਾਂ ਨਾਲ ਫ਼ੋਨ ਸਾਂਭ ਕੇ ਕੰਨ ਨੂੰ ਲਾਇਆ ਤੇ ਆਪਣਾ ਤੁਆਰਫ਼ ਕਰਵਾਉਂਦਿਆਂ ਸਾਰੀ ਗੱਲ ਦੱਸੀ। ਉਨ੍ਹਾਂ ਨੇ ਪੂਰੀ ਗੱਲ ਧਿਆਨ ਨਾਲ ਸੁਣੀ ਤੇ ਮੈਨੂੰ ਕਹਿਣ ਲੱਗੇ, ਉਤੁਸੀਂ ਉਸ ਬੱਚੀ ਦੇ ਮਾਪਿਆਂ ਨਾ਼ਲ ਰਾਬਤਾ ਰੱਖਣਾ।"

ਉਸੇ ਦਿਨ ਸਾਡੀ ਜ਼ਿਲ੍ਹਾ ਪੱਧਰੀ ਮੀਟਿੰਗ ਸੀ ਤੇ ਮੈਂ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਜਲੰਧਰ ਜਾਂਦਿਆਂ ਅਜੇ ਪਠਾਨਕੋਟ ਬਾਈਪਾਸ ਦੇ ਨੇੜੇ ਸਾਂ (ਕਰੀਬਨ ਸਾਢੇ ਗਿਆਰਾਂ ਵੱਜੇ ਹੋਣਗੇ) ਕਿ ਮੈਨੂੰ ਸਾਡੇ ਜ਼ਿਲ੍ਹਾ ਕੋ-ਆਰਡੀਨੇਟਰ ਦਾ ਫ਼ੋਨ ਆਇਆ ਤੇ ਉਨ੍ਹਾਂ, ਕੀਤੇ ਫ਼ੋਨ ਬਾਰੇ ਗੱਲ ਕਰਦਿਆਂ ਦੱਸਿਆ ਕਿ ਮੁੱਖ ਦਫ਼ਤਰ (ਚੰਡੀਗੜ੍ਹ) ਤੋਂ ਫ਼ੋਨ ਆਇਆ ਹੈ ਕਿ ਬੱਚੀ ਦੇ ਮਾਪਿਆਂ ਨਾ਼ਲ ਰਾਬਤਾ ਕਰ ਕੇ ਅੱਜ ਹੀ ਉਨ੍ਹਾਂ ਨੂੰ ਬੱਚੀ ਸਮੇਤ ਕਾਰ ਵਿੱਚ ਪੀ. ਜੀ. ਆਈ. ਭੇਜ ਦਿਓ। ਬੱਸ ਵਿੱਚ ਨਾ ਜਾਣ, ਕਾਰ ਦਾ ਕਿਰਾਇਆ ਸਰਵ ਸਿੱਖਿਆ ਅਭਿਆਨ ਦੇਵੇਗਾ।

ਬੱਚੀ ਸਮੇਤ ਮਾਪੇ ਪੀ. ਜੀ. ਆਈ. ਪੁੱਜੇ। ਬੱਚੀ ਦੇ ਚੈੱਕ-ਅਪ ਮਗਰੋਂ ਉਨ੍ਹਾਂ ਨੂੰ, ਉਸ ਦਿਨ ਤੋਂ, ਤੀਜੇ ਦਿਨ ਦਾ ਅਪਰੇਸ਼ਨ ਦਾ ਟਾਈਮ ਮਿਲ ਗਿਆ। ਮਿੱਥੇ ਦਿਨ ਉਹ ਬੱਚੀ ਨੂੰ ਕਾਰ ਵਿੱਚ ਨਾ਼ਲ ਲੈ ਕੇ ਪੀ. ਜੀ. ਆਈ. ਪੁੱਜ ਗਏ। ਬੱਚੀ ਦਾ ਅਪਰੇਸ਼ਨ ਪੂਰਨ ਸਫ਼ਲ ਰਿਹਾ।

ਕੁਝ ਦਿਨਾਂ ਮਗਰੋਂ ਉਸ ਬੱਚੀ ਦੇ ਸਕੂਲ ਤੋਂ ਸਕੂਲ ਇੰਚਾਰਜ ਅਧਿਆਪਕਾ ਦਾ ਫ਼ੋਨ ਆਇਆ, ਉਸਰ! ਬੱਚੀ ਦੇ ਮਾਪੇ ਕਹਿੰਦੇ ਐ ਕਿ ਇਹਨੂੰ ਹੁਣ ਸਕੂਲੇ ਈ ਰੱਖਿਆ ਕਰੋ। ਘਰ ਹੁਣ ਇਹ ਟਿਕਦੀ ਨਹੀਂ ਐ।" ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ। ਹੰਝੂਆਂ ਦੀਆਂ ਵਗ ਤੁਰੀਆਂ ਇਹ ਦੋ ਘਰਾ਼ਲਾਂ ਕ੍ਰਿਸ਼ਨ ਕੁਮਾਰ ਦੀ ਆਪਣੇ ਕਿੱਤੇ ਪ੍ਰਤੀ ਸਮਰਪਣ ਭਾਵਨਾ ਅਤੇ ਉਸ ਦੁਆਰਾ ਬੱਚੀ ਦਾ ਦੁੱਖ ਦੂਰ ਕਰਨ ਲਈ ਅਪਣਾਈ ਗਈ ਦਿਆਨਤਦਾਰੀ ਦੇ ਨਾਂਅ ਸਨ।


## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**


**WASH, LUBE, BRAKES**


Call:
650-642-0697

**3525 Highway 99, West Corning, CA 96021**

Across the Street from TA Truck Stop

# ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ









ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਘਾਣ ਨੂੰ ਅੱਜ ਸੌ ਵਰ੍ਹੇ ਤੋਂ ਉਪਰ ਦਾ ਸਮਾਂ ਹੋ ਗਿਆ ਹੈ ਅਤੇ ਦੁਨੀਆਂ ਭਰ ਵਿਚ ਇਸ ਨਾ ਭੁੱਲਣਯੋਗ ਖ਼ੂਨੀ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾ ਰਹੀਆਂ ਹਨ। ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ 5 ਵੁੱਡ ਸਟਰੀਟ ਤੇ ਸਥਿਤ ਗਦਰ ਪਾਰਟੀ ਦੇ ਮਹਾਨ ਸੂਰਬੀਰਾਂ ਦੇ ਸਥਾਨ ਯੁਗਾਂਤਰ ਆਸ਼ਰਮ (ਗਦਰ ਮੈਮੋਰੀਅਲ) ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ।

ਗੁਰੂ ਕੀ ਨਗਰੀ ਅੰਮ੍ਰਿਤਸਰ, ਜਲ੍ਹਿਆਂ ਵਾਲੇ ਬਾਗ ਵਿਚ 13 ਅਪ੍ਰੈਲ 1919 ਈ: ਨੂੰ ਪੁਰ ਅਮਨ ਰੌਲਟ ਐਕਟ ਦੇ ਵਿਰੁੱਧ ਰੋਸ ਪ੍ਰਗਟ ਕਰ ਰਹੇ ਨਿਹੱਥੇ ਲੋਕਾਂ 'ਤੇ ਬਰਤਾਨਵੀ ਸਾਮਰਾਜ ਦੇ ਬੁੱਚੜ ਜਨਰਲ ਡਾਇਰ ਵੱਲੋਂ ਅੰਧਾਧੁੰਦ ਗੋਲੀਆਂ ਚਲਾ ਕੇ ਮੌਤ ਦਾ ਵਹਿਸ਼ੀ ਤਾਂਡਵ ਨਾਚ ਕਰ ਸੈਂਕੜੇ ਲੋਕਾਂ, ਜਿਹਨਾਂ ਵਿਚ ਔਰਤਾਂ, ਬੱਚੇ ਅਤੇ ਬੁੱਢੇ ਵੀ ਸਨ, ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ।

ਇਸ ਸ਼ਹੀਦੀ ਸਮਾਗਮ ਦੀ ਸ਼ੁਰੂਆਤ ਬਾਬਾ ਕਰਤਾਰ ਸਿੰਘ ਦੁੱਕੀ ਦੇ ਪੋਤੇ ਜਗਦੀਸ਼ ਸਿੰਘ ਖੰਗੂਰਾ ਨੇ ਗਦਰ ਪਾਰਟੀ ਦਾ ਝੰਡਾ ਝੁਲਾ ਕੇ ਕੀਤੀ। ਕਸ਼ਮੀਰ ਸਿੰਘ ਕਾਂਗਣਾ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਗਦਰ ਮੈਮੋਰੀਅਲ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਉਹਨਾਂ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਕਾਂਡ ਨੂੰ ਨਾ ਭੁੱਲਣਯੋਗ ਦੱਸਦਿਆਂ ਕਿਹਾ ਕਿ ਬਰਤਾਨਵੀ ਸਰਕਾਰ ਨੂੰ ਇਸ ਦਰਿੰਦਗੀ ਭਰੇ ਕਾਰੇ ਲਈ ਆਮ ਮੁਆਫੀ ਮੰਗਣੀ ਚਾਹੀਦੀ ਹੈ। ਜੇ ਚੀਨ ਦੀ ਸਰਕਾਰ ਜਾਪਾਨ ਕੋਲੋਂ ਨੈਨਕਨ ਰੇਪ ਬਾਰੇ ਦਬਾਅ ਪਾ ਕੇ ਮਾਫੀ ਮੰਗਵਾ ਸਕਦੀ ਹੈ ਅਤੇ ਉਹਨਾਂ ਪੀੜਤ ਔਰਤਾਂ ਨੂੰ ਮੁਆਵਜ਼ਾ ਵੀ ਦਿਵਾਇਆ ਗਿਆ ਸੀ ਤਾਂ ਬਰਤਾਨਵੀ ਸਰਕਾਰ 'ਤੇ ਕਿਉਂ ਨਹੀਂ ਦਬਾਅ ਪਾਇਆ ਗਿਆ।

ਜਥੇਬੰਦੀ ਦੇ ਮੋਢੀ ਅਤੇ ਡਾਇਰੈਕਟਰ ਸੁਮਿੱਤਰ ਸਿੰਘ ਉਪਲ ਹੋਰਾਂ ਬਿਮਾਰੀ ਦੀ ਹਾਲਤ ਵਿਚ ਵੀ ਯੂਬਾ ਸਿਟੀ ਤੋਂ ਆ ਕੇ ਗਦਰ ਮੈਮੋਰੀਅਲ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਉਹਨਾਂ ਆਪਣੀ ਜਥੇਬੰਦੀ ਨੂੰ ਹੱਲਾਸ਼ੇਰੀ ਦਿੰਦਿਆਂ ਇਕ ਉਰਦੂ ਦਾ ਸ਼ੇਅਰ ਪੜ੍ਹਿਆ 'ਹਾਥੋਂ ਮੇਂ ਜੁਬਸ਼ ਨਹੀਂ, ਆਖੋਂ ਮੇਂ ਤੋ ਦਮ ਹੈ।'

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਆਪਣੇ ਸ਼ਰਧਾਂਜਲੀ ਭਾਸ਼ਣ ਵਿਚ ਜਲ੍ਹਿਆਂ ਵਾਲੇ ਬਾਗ ਦੇ ਪਿਛੋਕੜ ਬਾਰੇ ਦੱਸਿਆ ਕਿ ਇਹ ਸਰਦਾਰ ਹਿੰਮਤ ਸਿੰਘ ਜੋ ਪਿੰਡ ਜੱਲਾ ਤੋਂ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚਸਨ, ਨੇ ਬਣਵਾਇਆ ਸੀ। ਜਿਹੜਾ ਬਾਅਦ ਵਿਚ ਆਜ਼ਾਦੀ ਸੰਗਰਾਮਾਂ ਦੇ ਜਲਸੇ, ਮੀਟਿੰਗਾਂ ਦਾ ਕੇਂਦਰ ਬਣ ਗਿਆ। ਉਹਨਾਂ ਵਿਸਥਾਰ ਸਹਿਤ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਨਿਹੱਥੇ ਲੋਕਾਂ ਦੇ ਕਤਲਾਂ ਅਤੇ ਫੌਜ ਵੱਲੋਂ ਚਲਾਈਆਂ ਗੋਲੀਆਂ ਦਾ ਵਰਣਨ ਕਰਦਿਆਂ ਕਿਹਾ ਕਿ ਗੋਲੀ ਉਦੋਂ ਤੱਕ ਚਲਦੀ ਰਹੀ ਜਦ ਤੱਕ ਸਾਰਾ ਅਸਲਾ ਮੁੱਕ ਨਾ ਗਿਆ।

ਬਿੰਦਰਾ ਹੁਰਾਂ ਜਥੇਬੰਦੀ ਦੇ ਆਗੂ ਕਿਰਪਾਲ ਸਿੰਘ ਜੀ ਸੰਧੂ ਜੋ ਬਿਮਾਰੀ ਕਾਰਨ ਹਾਜ਼ਰ ਨਹੀਂ ਹੋ ਸਕੇ, ਉਹਨਾਂ ਵੱਲੋਂ ਦਿੱਤੇ ਸੁਨੇਹਾ ਦਾ ਜ਼ਿਕਰ ਵੀ ਕੀਤਾ ਅਤੇ ਗਿਆਨ ਸਿੰਘ ਜੀ ਬਿਗਲਾ ਦੇ ਨਾ ਸ਼ਾਮਲ ਹੋ ਸਕਣ ਬਾਰੇ ਵੀ ਦੱਸਿਆ।

ਪ੍ਰਮਪਰੀਤ ਸਿੰਘ ਬਿੰਦਰਾ ਜਿਹੜੇ ਆਪ ਵਕੀਲ ਵੀ ਹਨ, ਜਿਹਨਾਂ ਦੇ ਉਪਰਾਲੇ ਨਾਲ ਇਹ ਸਮਾਗਮ ਹੋਇਆ, ਉਹਨਾਂ ਅਤੇ ਰੋਜ਼ੀ ਬਿੰਦਰਾ ਨੇ ਵੀ ਸ਼ਰਧਾਂਜਲੀ ਭੇਂਟ ਕੀਤੀ ਅਤੇ ਪਰਮਪ੍ਰੀਤ ਬਿੰਦਰਾ ਨੇ ਸਮੁੱਚੇ ਭਾਰਤੀ ਸਫਾਰਤਖਾਨੇ ਦੇ ਮੁਲਾਜ਼ਮਾਂ ਦਾ ਧੰਨਵਾਦ ਕੀਤਾ, ਜਿਹਨਾਂ ਦਾ ਮਿਲਵਰਤਨ ਅਤੇ ਸਮਾਗਮ ਨੂੰ ਸਫਲ ਬਣਾਉਣ ਵਿਚ ਸਾਥ ਦਿੱਤਾ।

ਯੂਬਾ ਸਿਟੀ ਤੋਂ ਬੀਬੀ ਸੰਨਦੀਪ ਜੋ ਕਿ ਸਵਰਗੀ ਹਰਪਾਲ ਸੰਘਾ ਦੀ ਨੂੰਹ ਹੈ, ਨੇ ਵੀ ਸ਼ਰਧਾਂਜਲੀ ਭੇਂਟ ਕਰਦਿਆਂ ਆਖਿਆ ਕਿ ਅਸੀਂ ਅੱਗੇ ਤੋਂ ਵੀ ਹਰ ਗਦਰੀ ਬਾਬਿਆਂ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈਂਦੇ ਰਹਾਂਗੇ।

ਪ੍ਰਸਿੱਧ ਗਦਰੀ ਬਾਬਾ ਕਰਤਾਰ ਸਿੰਘ ਦੁੱਕੀ ਦੇ ਪੋਤਰੇ ਸ. ਜਗਦੀਸ਼ ਸਿੰਘ ਖੰਗੂਰਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਗਦਰ ਪਾਰਟੀ ਦੇ ਦਫਤਰ ਅਤੇ ਆਪਣੇ ਬਾਬੇ ਕਰਤਾਰ ਸਿੰਘ ਜੀ ਦੁੱਕੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹਨਾਂ ਦੇ ਬਾਬਾ ਜੀ ਅਤੇ ਸਰਦਾਰ ਕਰਤਾਰ ਸਿੰਘ ਸਰਾਭਾ ਇਕੱਠੇ ਗਦਰ ਅਖਬਾਰ ਵਿਚ ਕੰਮ ਕਰਦੇ ਰਹੇ ਸਨ।

ਚੈਂਬਰ ਆਫ ਕਾਮਰਸ ਦੇ ਸਕੱਤਰ ਸੈਕਰਾਮੈਂਟੋ ਤੋਂ ਸੁਖਚੈਨ ਨੇ ਆਪਣੇ ਵੱਲੋਂ ਅਤੇ ਆਪਣੇ ਚੈਂਬਰ ਵੱਲੋਂ ਸ਼ਰਧਾਂਜਲੀ ਭੇਂਟ ਕਰਦਿਆਂ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦਾ ਅਜਿਹੇ ਸਮਾਗਮ ਲਈ ਧੰਨਵਾਦ ਕੀਤਾ।

ਮੁੱਖ ਬੁਲਾਰੇ ਪ੍ਰੋ. ਕੇਵਲ ਸਿੰਘ ਕਲੋਟੀ ਨੇ ਆਪਣੇ ਭਾਸ਼ਣ ਵਿਚ ਆਖਿਆ ਕਿ ਕੈਨੇਡਾ ਦੀ ਸਰਕਾਰ ਨੇ ਕਾਮਾਗਾਟਾ ਮਾਰੂ ਬਾਰੇ ਮਾਫੀ ਮੰਗ ਲਈ ਹੈ। ਬਰਤਾਨਵੀ ਸਰਕਾਰ ਨੂੰ ਜੇ ਥੋੜ੍ਹੀ ਜਿਹੀ ਵੀ ਸ਼ਰਮ ਹੈ ਤਾਂ ਸਭਿਅਕ ਦੁਨੀਆਂ ਵਿਚ ਇਸ ਘਿਨਾਉਣੇ ਪਾਪ ਲਈ ਮਾਫੀ ਮੰਗਣੀ ਚਾਹੀਦੀ ਹੈ। ਉਹਨਾਂ ਹੁਣ ਦੇ ਹਾਲਾਤ ਬਾਰੇ ਟਿੱਪਣੀ ਕਰਦਿਆਂ ਜਾਇਨਾਵਾਦ ਦਾ ਜ਼ਿਕਰ ਕੀਤਾ ਜੋ ਵਨ ਵਰਲਡ ਵਨ ਗੌਰਮਿੰਟ। ਜਿਸ ਰਾਹੀਂ ਦੁਨੀਆਂ ਭਰ ਵਿਚ ਅਜਿਹੇ ਹੋਰ ਵੀ ਘਿਨਾਉਣੇ ਕਾਰੇ ਕਰਵਾਏ ਜਾਣਗੇ। ਉਹਨਾਂ ਕੌਂਸਲ ਜਨਰਲ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਮੈਂ ਤਾਂ ਯੁਗਾਂਤਰ ਆਸ਼ਰਮ ਦੇਖਣ ਆਇਆ ਸੀ ਪਰ ਮੈਨੂੰ ਇਹ ਸ਼ਬਦ ਦੇਖਣ ਨੂੰ ਨਹੀਂ ਮਿਲਿਆ।

ਨਰਿੰਦਰਪਾਲ ਸਿੰਘ ਹੁੰਦਲ ਅਤੇ ਅਮਰੀਕ ਸਿੰਘ ਪੰਡਾਲੀਆ ਨੇ ਵੀ ਸ਼ਰਧਾਂਜਲੀਆਂ ਭੇਂਟ ਕੀਤੀਆਂ। ਅਮਰੀਕ ਸਿੰਘ ਨੇ ਉਸ ਵਕਤ ਬਾਬੂ ਫਿਰੋਜ਼ ਦੀਨ ਸ਼ਰਫ ਦੀ ਜਲ੍ਹਿਆਂ ਵਾਲੇ ਬਾਗ ਨਾਲ ਸਬੰਧਤ ਕਵਿਤਾ ਸੁਣਾਈ। ਉਨ੍ਹਾਂ ਗਦਰ ਦੀ ਨਵੀਂ ਬਣਨ ਵਾਲੀ ਇਮਾਰਤ ਨੂੰ ਪਹਿਲੀ ਦਿੱਖ ਦੇਣ ਦੀ ਪੁਰਜ਼ੋਰ ਅਪੀਲ ਕੀਤੀ ਤਾਂ ਕਿ ਸਿਟੀ ਵੱਲੋਂ ਫਿਰ ਇਸ ਨੂੰ ਇਤਿਹਾਸਕ ਸਥਾਨ ਦਾ ਦਰਜਾ ਮਿਲ ਸਕੇ।

ਭਾਰਤੀ ਕੌਂਸਲ ਜਨਰਲ ਸੰਜੇ ਪਾਂਡੇ ਨੇ ਜਥੇਬੰਦੀ ਵੱਲੋਂ ਉਠਾਏ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਜੋ ਵੀ ਅੰਦਰ ਤਸਵੀਰਾਂ ਅਤੇ ਹੋਰ ਡਾਕੂਮੈਂਟ ਪਏ ਹਨ, ਉਹਨਾਂ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਰੱਖਿਆ ਜਾਵੇਗਾ। ਪੁਰਾਣੀ ਇਮਾਰਤ ਨੂੰ ਢਾਉਂਦੇ ਵਕਤ ਕੋਈ ਪਹਿਲਾਂ ਵਾਪਰੀ ਘਟਨਾ ਨੂੰ ਦੁਬਾਰਾ ਨਹੀਂ ਦੁਹਰਾਇਆ ਜਾਵੇਗਾ। ਉਹਨਾਂ ਤੋਂ ਇਲਾਵਾ ਡਿਪਟੀ ਕੌਂਸਲ ਰੋਹਿਤ ਰਵੀਸ਼ ਵੀ ਹਾਜ਼ਰ ਸਨ।

ਕਮਲ ਬੰਗਾ ਨੇ ਬਹੁਤ ਹੀ ਥੋੜ੍ਹੇ ਪਰ ਪ੍ਰਭਾਵਸ਼ਾਲੀ ਲਫਜ਼ਾਂ ਵਿਚ ਆਪਣੀ ਕਵਿਤਾ ਰਾਹੀਂ ਸ਼ਰਧਾਂਜਲੀ ਭੇਂਟ ਕੀਤੀ। ਰਾਜ ਬਰਾੜ ਅਤੇ ਪੰਮੀ ਮਾਨ ਨੇ ਦੇਸ਼ ਭਗਤੀ ਅਤੇ ਸ਼ਹੀਦਾਂ ਦੇ ਗੀਤ ਗਾਏ। ਅਸ਼ੋਕ ਭੌਰਾ ਅਤੇ ਪੰਜਾਬ ਦੇ ਪ੍ਰਸਿੱਧ ਢਾਡੀ ਦਿਆ ਸਿੰਘ ਦਿਲਬਰ ਦੇ ਬੇਟੇ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ ਦੇ ਬੇਟੇ ਸਤਵਿੰਦਰ ਸਿੰਘ ਰਾਣਾ ਅਤੇ ਨਾਮਧਾਰੀ ਸੰਗਤ ਵੱਲੋਂ ਦਵਿੰਦਰ ਸਿੰਘ ਹੁਰਾਂ ਹਾਜ਼ਰੀ ਭਰੀ।

ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੀ ਸਮੁੱਚੀ ਟੀਮ ਜਰਨੈਲ ਸਿੰਘ ਸਰਪੰਚ, ਬਲਵੰਤ ਬਾਂਕਾ, ਜਗਜੀਤ ਸਿੰਘ ਗਿੱਲ, ਜੁਝਾਰ ਸਿੰਘ ਗਿੱਲ, ਮਲਕੀਤ ਬੈਂਸ, ਰਕੇਸ਼ ਬੈਂਸ, ਬਲਦੇਵ ਰਾਜ, ਹੈਡ ਮਾਸਟਰ ਬਲਬੀਰ ਸਿੰਘ ਗਿੱਲ, ਭਾਗ ਸਿੰਘ ਰੱਕੜ, ਸੈਕਰਾਮੈਂਟੋ ਤੋਂ ਅਤੇ ਹੋਰ ਦੂਰ-ਦੁਰੇਡੇ ਤੇ ਪਰਿਵਾਰਾਂ ਸਮੇਤ ਹਾਜ਼ਰੀ ਭਰੀ। ਜਥੇਬੰਦੀ ਵੱਲੋਂ ਹਾਜ਼ਰ ਸਮੂਹ ਲੋਕਾਂ ਲਈ ਚਾਹ, ਮਠਿਆਈ ਅਤੇ ਲੰਗਰ ਅਤੁੱਟ ਵਰਤਾਇਆ ਗਿਆ।

# ਭਾਰਤ ਦੀ ਬਹਾਦਰ ਔਰਤ ਓਨੈਕੇ ਓਬਵਾਵਾ



ਹਰਦੀਪ ਸਿੰਘ ਚੁੰਬਰ
91-94636-01616

ਔਰਤਾਂ ਦਾ ਦੇਸ਼ ਭਗਤੀ ਦੀ ਭਾਵਨਾਂ ਅਤੇ ਯੋਗਦਾਨ ਮਰਦਾਂ ਦੇ ਹਮੇਸ਼ਾ ਬਰਾਬਰ ਦਾ ਰਿਹਾ ਹੈ। ਰਾਸ਼ਟਰ, ਕੌਮ ਅਤੇ ਸਮਾਜ ਦੇ ਹਿੱਤ ਦਾਵਿਚ ਇੰਨਯਾਮ ਦੀ ਪਰਵਾਹ ਕੀਤੇ ਬਗੈਰ ਕੰਮ ਕਰਨ ਵਾਲਾਕੋਈ ਵੀ ਸਖਸ਼ ਜੋ ਕਰ ਗੁਜ਼ਰਦਾ ਹੈ, ਉਹ ਬੜੇ ਹੀ ਹੈਰਾਨ ਕਰਨ ਵਾਲਾ ਅਤੇ ਆਮ ਇੰਨਸਾਨ ਦੀ ਪਹੁੰਚ ਤੋਂ ਬਾਹਰ ਦਾ ਕੰਮ ਦਿਖਾਈ ਦੇਣ ਲਗਦਾ ਹੈ। ਉਹ ਸਧਾਰਨ ਇੰਨਸਾਨ ਦੇ ਕੀਤੇ ਕੰਮ ਨਾਲੋਂ ਕਈ ਗੁਣਾਂ ਵੱਡਾ ਕੰਮ ਹੋ ਨਿਬੜਦਾ ਹੈ। ਉਸ ਦਾ ਕੰਮ ਕਿਸੇ ਗਾਇਬੀ ਸ਼ਕਤੀ ਦੀ ਸਹਾਇਤਾ ਨਾਲ ਕੀਤਾ ਲਗਦਾ ਹੈ। ਇਸ ਦੀਆਂ ਵੱਖ ਵੱਖ ਧਾਰਨਾਵਾਂਨੂੰ ਲੋਕ ਆਪਣੀ ਸੋਚ ਅਨੂਸਾਰ ਮੰਨਦੇ ਹਨ। ਇਕ ਮਾਨਤਾ ਅਨੂਸਾਰ, ਇਹ ਸੰਭਵਉਸ ਸਮੇ ਹੀ ਹੁੰਦਾ ਹੈ, ਅਸਧਾਰਨ ਸਥਿਤੀਆਂ ਵਿਚ, ਜਦੋ ਕੰਮ ਕਰਨ ਲਈ ਇੰਨਸਾਨ ਦੇ ਚੇਤਨ ਮਨ (conscious mind) ਨਾਲ ਅਵਚੇਤਨ ਮਨ ( ਸੁਬਚੋਨਸਚੌਿਸ ਮਨਿਦ ) ਆ ਜੁੜਦਾ ਹੈ। ਇਹੋ ਜਿਹਾ ਅਸਧਾਰਨ ਕੰਮ ਇਕ ਸਧਾਰਨ ਘਰੇਲੂ ਔਰਤ ਕਰ ਦਿਖਾਇਆ, ਇਤਿਹਾਸ ਵਿਚ ਦਰਜ ਹੈ।

18ਵੀਂ ਸਦੀ ਦੇ ਦੂਜੇ ਅੱਧ ਵਿਚ ਦਖਣ ਭਾਰਤ ਦੇ ਅਜੋਕੇ ਕਰਨਾਟਕਾ ਵਿਚ ਲਾਸਾਨੀ ਬਹਾਦਰੀ ਦਾ ਸਬੂਤ ਦੇਣ ਵਾਲੀ ਇਹ ਕਰਨਾਟਕਾ ਦੀ ਜਨਮੀ ਮਹਾਨ ਔਰਤ ਹੈ। ਉਹ ਦਖਣੀ ਭਾਰਤੀ ਰਾਜਾਂ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਚਮਕਦੀ ਇਕ ਮਹਾਨ ਨਾਇਕਾ ਹੈ। ਉਸ ਨੂੰ ਹਮੇਸ਼ਾ ਸਕੂਲੀ ਬੱਚੇ, ਬੱਚੀਆਂ ਸਟੇਜਾਂ ਉਤੇ ਪ੍ਰੋਗਰਾਮਾਂ ਵਿਚ ਨਾਟਕਾਂ, ਫੈਂਸੀਡਰੈਸ ਮੁਕਾਬਲਿਆਂ, ਕਵਿਤਾਵਾਂ, ਕਹਾਣੀਆਂ ਰਾਹੀ ਉਹਨਾਂ ਨੂੰ ਬੜੇ ਮਾਣ ਸਤਿਕਾਰ ਨਾਲ ਯਾਦ ਕਰਦੇ ਰਹਿੰਦੇ ਹਨ। ਉਹਨਾਂ ਦੀ ਬੀਰਗਾਥਾ ਨੂੰ ਬੜੇ ਅਦਬ ਅਤੇ ਸਤਿਕਾਰ ਨਾਲ ਸਕੂਲਾਂ ਵਿਚ ਪੱੜ੍ਹਿਆ, ਪੱੜ੍ਹਾਇਆ, ਗਾਇਆ ਅਤੇ ਸੁਣਾਇਆ ਜਾਂਦਾ ਹੈ। ਉਸ ਮਹਾਨ ਔਰਤ ਦਾ ਨਾਂ ਸੀ, ਓਨੈਕੇ ਓਬਵਾਵਾ। ਮਹਾਨ ਲੋਕ ਕਿਸੇ ਲਿੰਗ, ਧਰਮ, ਜਾਤੀ ਜਾਂ ਵਰਗ ਵਰਗੀਆਂ ਪਹਿਚਾਣਾਂ ਦੇ ਮੋਹਥਾਜ ਨਹੀਂ ਹੁੰਦੇ। ਉਹ ਧਰੂ ਤਾਰੇ ਦੀ ਤਰਾਂ ਵੱਡੀਆਂ ਵੱਡੀਆਂ ਭੀੜਾਂ ਵਿਚ ਅਲੱਗ ਹੀ ਨਜ਼ਰ ਆਉਂਦੇ ਹਨ। ਉਹ ਕੌਮ ਦਾ ਸਰਮਾਇਆ ਹੁੰਦੇ ਹਨ। ਇਸ ਅਸਧਾਰਨ ਵਿਆਕਤਿਤਵ ਵਾਲੀ ਔਰਤ ਦੇ ਜਨਮ ਬੇਹੱਦ ਗਰੀਬ ਅਛੂਤ ਪ੍ਰੀਵਾਰ"ਬੇਦਾ" ਜਾਤੀ ਵਿਚ ਹੋਇਆ ਸੀ।

ਬਹੁਤ ਸਾਰੀਆਂ ਕੁਰਬਾਨੀਆਂ ਇਤਿਹਾਸ ਵਿਚ ਬਹੁਤ ਸਾਰੇ ਕਾਰਨਾਂ ਕਰਕੇ ਦਬਕੇ ਰਹਿ ਜਾਂਦੀਆਂ ਹਨ। ਇੱਕਾ ਦੁੱਕਾ ਉਧਾਰਨਾਂ ਨੂੰ ਛੱਡਕੇ, ਜਾਤੀ ਦੇ ਅਧਾਰਤ ਤੇ ਬਣੇ ਸਮਾਜ ਵਿਚਆਰਥਿਕ ਤੌਰ ਤੇ ਕਮਜੋਰ ਵਰਗ ਅਕਸਰ ਸਮਾਜਿਕ ਤੌਰ ਤੇ ਵੀ ਕਮਜੋਰ ਸਾਬਤ ਹੋਏ ਹਨ, ਰਾਜਨੀਤਿਕ ਸ਼ਕਤੀ ਤਾਂ ਬਹੁਤ ਦੂਰ ਦੀ ਗਲ ਹੈ। ਅਕਸਰ ਕੁਰਬਾਨ ਹੋਣ ਵਾਲਿਆਂ ਦੀਆਂ ਯਾਦਾਂ ਨੂੰ ਬਣਾਕੇ ਰਖਣ ਲਈ ਕਿਸੇ ਵੀ ਵਰਗ ਦਾ ਸਪੰਨ ਹੋਣਾ ਬਹੁਤ ਜਰੂਰੀ ਹੈ। ਆਰਥਿਕ, ਸਮਾਜਿਕ ਤੌਰ ਦੇ ਤਕੜੇ ਲੋਕ ਗਦਾਰੀਆਂ ਦਾ ਪਿਛੋਕੜ ਹੋਣ ਦੇ ਬਾਵਜੂਦ ਵੀ ਸਮੇਂ ਸਮੇਂ ਉਤੇ ਰਾਜਨੀਤਿਕ ਸ਼ਕਤੀ ਹਾਸਲ ਕਰਦੇ ਰਹੇ ਹਨ। ਨੇਕੀ ਅਤੇ ਬਦੀ ਦੀ ਲੜਾਈ ਅਟੱਲ ਹੈ। ਇਤਿਹਾਸਕ ਝਰੋਖੇ ਵਿਚੋਂ ਕੁੱਝ ਕੂ "ਇੱਕਲਵਿਆ" ਵਰਗੇ ਮਹਾਨ ਨਾਇਕਾਵਾਂ ਨਾਲ ਜੁੜੀਆਂ ਇਤਿਹਾਸਕ ਘਟਨਾਵਾ ਇਹੋ ਜਿਹੀਆਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਨੂੰ ਲੱਖ ਕੋਸ਼ਿਸਾਂ ਦੇ ਬਾਵਜੂਦ ਦਬਾਇਆ ਨਹੀ ਜਾ ਸਕਦਾ। ਓਨੈਕੇ ਓਬਵਾਵਾ ਦੀ ਕੁਰਬਾਨੀ ਵੀ ਗਾਥਾ ਵੀ ਇਸੇ ਹੀ ਤਰਾਂ ਦੀ ਉਧਾਰਨ ਹੈ।

ਉਸ ਨੂੰ ਅਕਸਰ ਕਰਨਾਟਕ ਦੇ ਇਤਿਹਾਸ ਵਿਚ ਬੇਅੰਤ ਬਹਾਦਰੀ ਅਤੇ ਦਲੇਰ ਹਿੰਮਤ ਦਾ ਇਕ ਰੂਪ ਮੰਨਿਆ ਜਾਂਦਾ ਹੈ।ਮੈਸੂਰ ਰਾਜ ਦਾ ਰਾਜਾ ਹੈਦਰ ਅਲੀ ਲਗਾਤਾਰ ਆਪਣੇ ਰਾਜ ਵਿਚ ਵਾਧਾ ਕਰਨ ਲਈ ਆਪਣੇਨੇੜਲੇ ਰਾਜਾਂ ਉਤੇ ਹਮਲੇ ਕਰ ਕਬਜੇ ਕਰਦਾ ਆ ਰਿਹਾ ਸੀ। ਉਹ ਨਾਲ ਲਗਦੇ ਰਾਜਾਂ ਨੂੰ ਜਿੱਤਕੇ ਆਪਣੇ ਰਾਜ ਵਿਚ ਮਿਲਾਉਂਦਾ ਹੋਇਆ ਇਕ ਸ਼ਕਤੀਸਾਲੀ ਰਾਜਾ ਬਣ ਗਿਆ ਸੀ। ਇਸੇ ਕਰਮ ਵਿਚ1754 ਵਿਚ ਉਸ ਨੇ ਨਾਲ ਲਗਦੇ ਛੋਟੇ ਰਾਜ ਮਦਾਕਰੀ ਨਾਇਕ ਦੇ ਸ਼ਾਸਨਕਾਲ ਦੇ ਦੌਰਾਨ, ਚਿਤ੍ਰਦੁਰਗ ਸ਼ਹਿਰ ਨੂੰ ਹੈਦਰ ਅਲੀ ਦੇ ਸੈਨਿਕਾਂ ਨੇ ਘੇਰ ਲਿਆ। ਉਸ ਨੇ ਰਾਜ ਉਤੇ ਕਬਜਾ ਕਰਨ ਲਈ 1779 ਈ. ਤਕ ਬਾਰ ਬਾਰ ਹਮਲੇ ਕੀਤੇ। 1754 ਵਿਚ ਕਿਲੇ ਨੂੰ ਜਿੱਤਣ ਲਈ ਹੈਦਰ ਅਲੀਦੇ ਸੈਨਿਕਾਂ ਨੇ ਸ਼ਹਿਰ ਨੂੰ



ਚਾਰੇ ਪਾਸਿਆਂਤੋਂ ਘੇਰ ਰਖਿਆ ਸੀ। ਉਹ ਇਸ ਵਾਰ ਕਿਲੇ ਨੂੰ ਹਰ ਹਾਲ ਫਤਿਹ ਕਰਨਾ ਚਾਹੁੰਦੇ ਸਨ। ਬਹੁਤ ਕੋਸ਼ਿਸਾਂ ਦੇ ਬਾਵਜੂਦ ਉਹਨਾਂ ਨੂੰ ਕਿਲੇ ਅੰਦਰ ਦਾਖਲ ਹੋਣ ਦਾ ਕੋਈ ਵਿਕਲਪ ਨਹੀਂ ਲਭ ਰਿਹਾ ਸੀ।

ਇਹ ਕਿਲਾ ਚਟਾਨਾਂ ਅਤੇ ਪਥਰੀਲੇ ਪਹਾੜਾਂ ਨਾਲ ਘਿਰਿਆ ਹੋਇਆ ਸੀ। ਕਿਲੇ ਦੇ ਮਜਬੂਤ ਗੇਟ ਅਤੇ ਚਾਰਦਿਵਾਰੀ ਨੂੰ ਤੋੜਨਾਂ ਲਗਭਗ ਅਸੰਭਵ ਸੀ। ਅਕਸ਼ਰ ਹਰ ਵੱਡੀਆਂ ਇਮਾਰਤਾਂ ਦੇ ਅਪਾਤਕਾਲ ਰਸਤੇ ਰਖਣ ਦਾ ਬਹੁਤ ਹੀ ਪੁਰਾਤਨ ਰਿਵਾਜ ਹੈ। ਇਸੇ ਤਰਾਂ ਇਸ ਕਿਲੇ ਵਿਚ ਦਾਖਲ ਹੋਣ ਲਈ ਪਹਾੜ ਵਿੱਚ ਪੱਥਰਾਂ ਵਿਚ ਬਣੀ ਕੁਦਰਤੀ ਦਰਾੜ ਨਾਲ ਬਣਿਆ ਕੇਵਲ ਇਕੋ ਇਕ ਗੁਪਤ ਰਸਤਾ ਰਖਿਆ ਹੋਇਆ ਸੀ। ਇਹ ਕੇਵਲ ਇਕੋ ਰਸਤਾ ਸੀ ਜਿਸ ਰਾਹੀਂ ਅੰਦਰ ਬਾਹਰ ਆਇਆ ਜਾ ਸਕਦਾ ਸੀ। ਗੁਪਤ ਰਾਹ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ। ਦੁਸ਼ਮਣ ਗੁਪਤ ਰਾਹ ਨੂੰ ਲਭਣ ਦੀ ਕੋਸ਼ਿਸ ਵਿਚ ਲਗਿਆ ਹੋਇਆ ਸੀ। ਇੱਕ ਦਿਨ ਹੈਦਰ ਅਲੀ ਦੇ ਸੈਨਿਕਾਂ ਨੇ ਇੱਕ ਸਥਾਨਕ ਵਿਅਕਤੀ ਨੂੰ ਪਹਾੜ ਦੇ ਗੁਪਤ ਰਸਤੇ ਵੱਚੋਂ ਕਿਲੇ ਅੰਦਰ ਜਾਂਦੇ ਦੇਖ ਲਿਆ। ਗੁਪਤ ਰਸਤੇ ਦਾ ਪਤਾ ਲਗਣ ਦੇ ਨਾਲ ਹੀ ਹੈਦਰ ਅਲੀ ਦੇ ਸੈਨਾਪਤੀ ਬਹੁਤ ਖੁਸ ਹੋਇਆ। ਉਸ ਨੇ ਇਸ ਰਸਤੇ ਰਾਹੀਂ ਕਿਲੇ ਵਿਚ ਦਾਖਲ ਹੋਣ ਦੀ ਯੋਜਨਾ ਬਣਾਈ।ਕਿਲੇ ਦੇ ਇਸ ਗੁਪਤ ਰਸਤੇ ਉਤੇ ਮੁੱਡਾ ਹਾਨੂਮਾ ਨਾਂ ਦੇ ਤਕੜੇ ਸੈਨਿਕ ਨੂੰ ਤੈਨਾਤਸੀ। ਉਸ ਦਾ ਪ੍ਰੀਵਾਰ ਵੀ ਕਿਲੇ ਦੇ ਅੰਦਰ ਹੀ ਰਹਿ ਰਿਹਾ ਸੀ। ਹੈਦਰ ਅਲੀ ਦੇ ਸੈਨਿਕ ਲਗਾਤਾਰ ਇਸ ਰਸਤੇ ਦੇ ਪਹਿਰੇਦਾਰ ਦੀਆਂ ਗਤੀਵਿਧੀਆਂ ਉਤੇ ਨਜ਼ਰ ਰਖਦੇ ਆ ਰਹੇ ਸਨ, ਪਰ ਉਹਨਾਂ ਨੂੰ ਕੋਈ ਮੌਕਾ ਨਹੀ ਲਗ ਰਿਹਾ ਸੀ। ਇਕ ਦਿਨ ਦੁਪਿੱਹਰ ਦੇ ਸਮੇਂਪਹਿਰੇਦਾਰ ਮੁੱਡਾ ਹਾਨੂਮਾ ਕਿਲੇ ਦੇ ਅੰਦਰ ਹੀ ਚੌਕੀ ਦੇ ਨੇੜੇ ਬਣੀ ਰਹਾਇਸ ਉਤੇ ਖਾਣਾ ਖਾਣ ਚਲਾ ਜਾਂਦਾ ਹੈ। ਚੌਕੀ ਨੂੰ ਖਾਲੀ ਹੋਣ ਦੀ ਭਣਕ ਪੈਂਦੇ ਹੀ, ਮੌਕੇ ਦੀ ਤਾੜ ਵਿਚ ਬੈਠੀ, ਹੈਦਰ ਅਲੀ ਦੀ ਸੈਨਾ ਨੇ ਹਲਚਲ ਸੁਰੂ ਹੋ ਗਈ। ਦੂਜੇ ਪਾਸੇ ਪਹਿਰੇਦਾਰ ਮੁੱਡਾ ਹਾਨੂਮਾ ਨੇ ਖਾਣਾ ਸੁਰੂ ਕੀਤਾ ਸੀ ਉਸ ਦੀ ਪਤਨੀ ਓਨੈਕੇ ਓਬਵਾਵਾ ਗੁਪਤ ਰਸਤੇ ਦੇ ਕੋਲ ਬਣੇ ਤਲਾ ਤੋ ਉਸ ਲਈ ਪਾਣੀ ਲੈਣ ਲਈਲੈਣ ਜਾਂਦੀ ਹੈ। ਗੁਪਤ ਰਸਤੇ ਕੋਲ ਰਸਤੇ ਕੋਲ ਪਹੁੰਦੇ ਉਸ ਨੂੰ ਰਸਤੇ ਵਿਚੋਂ ਅਵਾਜਾਂ ਸੁਣਾਈ ਦਿਤੀਆਂ। ਸਮਝਣ ਨੂੰ ਦੇਰ ਨਾਂ ਲਗੀ ਕਿ ਦੁਸਮਣ ਦੇ ਸੈਨਿਕ ਕਿਲੇ ਵਿਚਦਾਖਲ ਹੋਣ ਦੀ ਕੋਸ਼ਿਸ ਕਰ ਰਹੇ ਸਨ। ਓਨੈਕੇ ਓਬਵਾਵਾ ਘਰ ਵਲ ਦੌੜੀ, ਖਾਣਾ ਖਾ ਰਹੇ ਪਤੀ ਦੇ ਖਾਣੇ ਵਿਚ ਵਿਘਨ ਨਾਂ ਪਾਉਂਦੇ ਹੋਏ, ਉਸ ਨੇਘਰ ਵਿਚੋਂਉੱਖਲੀ ਵਿਚ ਚਾਵਲ ਕੁੱਟਣ ਵਾਲਾ ਕਰੀਬ 4.5 ਫੁੱਟਾ ਲੱਕੜੀ ਦਾ ਭਾਰੀ ਮੋਹਲਾ ਉਠਾਇਆ ਅਤੇ ਦੁਸ਼ਮਣ ਨੂੰ ਰੋਕਣ ਲਈ ਗੁਪਤ ਰਾਹ ਦੇ ਕਿਨਾਰੇ ਹਮਲਾਵਰ ਮੁਦਰਾ ਵਿਚ ਛੁੱਪਕੇ ਖੜੀ ਹੋ ਗਈ। ਜਿਵੇਂ ਹੀ ਦੁਸ਼ਮਣ ਦਾ ਸੈਨਿਕ, ਬਹੁਤ ਹੀ ਤੰਗ ਕੁਦਰਤੀ ਬਣੇ,ਗੁਪਤ ਰਸਤੇ ਵਿਚੋਂ ਅੰਦਰ ਆਉਣ ਲਈ ਸਿਰ ਬਾਹਰ ਕਢਦਾ, ਓਨੈਕੇ ਓਬਵਾਵਾ ਝੱਟ ਉਸ ਦੇ ਸਿਰ ਉਤੇ ਜਬਰਦਸਤ ਵਾਰ ਕਰਦੀ ਅਤੇ ਉਸੇ ਥਾਂ ਖਤਮ ਕਰ ਦਿੰਦੀ।ਫਿਰ ਲਾਸ਼ ਨੂੰ ਖਿੱਚਕੇ, ਧੂਕੇ ਗੁਫਾ ਦੇ ਰਸਤੇ ਤੋਂ ਦੂਰ ਕਰ ਦਿੰਦੀ, ਤਾਂ ਕਿ ਇਸ ਦਾ ਦੂਜੇ ਦੁਸ਼ਮਣ ਸੈਨਿਕਾਂ ਨੂੰ ਪਹਿਲੇ ਦੇ ਮਰਨ ਦੇ ਛੱਕ ਨਾ ਹੋ ਜਾਵੇ। ਉਹ ਫਿਰ ਤੋਂ ਦੁਸ਼ਮਣ ਦੇ ਆਉਣ ਦੀ ਉਡੀਕ ਕਰਦੀ। ਜਦੋਂ ਫਿਰ ਤੋਂ ਹੋਰ ਸੈਨਿਕ ਦਾਖਲ ਹੋਣ ਦੀ ਕੋਸ਼ਿਸ ਕਰਦਾ, ਉਹ ਝੱਟ ਵਾਰ ਕਰਦੀ ਅਤੇ ਥਾਂ ਉਤੇ ਹੀ ਮਾਰ ਮੁਕਾਉਂਦੀ। ਇਸ ਤਰਾਂ ਦੇ ਸਿਲਸਲਾ ਕਾਫੀ ਦੇਰ ਤਕ ਚੱਲਿਆ। ਓਨੈਕੇ ਓਬਵਾਵਾ ਨੇ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਦੁਸ਼ਮਣ ਦੀਆਂ ਲਾਸਾਂ ਦਾ ਵੱਡਾ ਢੇਰ ਲਗਾ ਦਿਤਾ। ਉਧਰ ਓਨੈਕੇ ਓਬਵਾਵਾ ਦਾ ਪਤੀ ਖਾਣਾ ਖਾ ਚੁੱਕਾ ਸੀ। ਹੁਣ ਉਹ ਪਾਣੀ ਦੀ ਦੀ ਉਡੀਕ ਕਰਨ ਲਗਾ ਸੀ। ਕਾਫੀ ਦੇਰ ਤਕ ਉਡੀਕ ਕਰਨ ਤੋਂ ਬਾਅਦ ਉਹ ਪਤਨੀ ਨੂੰ ਦੇਖਣ ਲਈ ਤਲਾਬ ਵੱਲ ਜਾਂਦਾ ਹੈ। ਤਲਾਬ ਉਸ ਗੁਪਤ ਰਾਹ ਤੋਂ ਅਗੇ ਪੈਂਦਾ ਸੀ। ਗੁਪਤ ਰਾਹ ਦੇ ਨੇੜੇ ਆ ਕੇ ਉਸ ਨੇ ਦੁਸ਼ਮਣ ਦੇ ਸੈਨਿਕਾਂ ਦੇ ਲਾਸਾਂ ਦੇ ਢੇਰ ਨੂੰ ਦੇਖਦਿਆ, ਉਹ ਹੈਰਾਨ ਰਹਿ ਜਾਂਦਾ ਹੈ। ਇਸ ਘਟਨਾਕਰਮ ਜਾਨਣ ਲਈ ਉਹ ਹੋਰ ਅਗੇ ਵਧਦਾ ਹੈ। ਉਹ ਹੈਰਾਨ ਹੋਇਆ, ਦੁਸ਼ਮਣ ਨਾਲ ਲੋਹਾ ਲੈਂਦੀ ਉਸ ਦੀ ਪਤਨੀ ਦੇ ਹੱਥ ਖੂਨ ਵਿਚ ਲਥਪਥ ਹੋਏ ਦੇਖਦਾ ਹੈ, ਉਹ ਬਹਾਦਰੀ ਨਾਲ ਦੁਸ਼ਮਣ ਨਾਲ ਜੂੱਝ ਰਹੀ ਸੀ। ਉਹ ਹੈਰਾਨ ਸੀ ਕਿ ਇਹ ਸਾਰਿਆਂ ਨੂੰ ਉਸ ਦੀ ਪਤਨੀ ਓਨੈਕੇ ਓਬਵਾਵਾ ਨੇ ਕਿਲੇ ਦੀ ਰਾਖੀ ਲਈ ਬਹਾਦਰੀ ਨਾਲ ਲੜਦੇ ਹੋਏ ਐਨੇ ਸਾਰੇ ਦੁਸ਼ਮਣਾਂ ਨੂੰ ਮਾਰ ਮੁਕਾਇਆ ਸੀ। ਉਸ ਨੇ ਤੁਰੰਤ ਘਰੇਲੂ ਫੌਜ ਨੂੰ ਚੇਤਾਵਨੀ ਦਿੱਤੀ, ਘਰੇਲੂ ਫੌਜ ਬਿਨਾਂ ਕਿਸੇ ਸਮੇਂ ਦੀ ਦੇਰੀ ਕੀਤਿਆਂ ਕਾਰਵਾਈ ਕੀਤੀ ਅਤੇ ਕਿਲੇ ਨੂੰ ਦੁਸ਼ਮਣ ਕੋਲੋਂ ਬਚਾ ਲਿਆ।

ਹੁਣ ਵੀਓਬਵਾਵਾ ਲਗਾਤਾਰ ਆਪਣੇ ਸੈਨਿਕਾਂ ਨੂੰ ਉਤਸ਼ਾਹਿਤ ਕਰਨ ਲਈ ਲਗੀ ਰਹੀ।ਉਸੇ ਦੌਰਾਨ ਇੱਕ ਦੁਸ਼ਮਣ ਸਿਪਾਹੀ ਉਸਨੂੰ ਪਿੱਠ ਵਿੱਚ ਗੋਲੀ ਮਾਰ ਦਿਤੀ। ਓਬਵਵਾ ਆਪਣੀ ਮਾਤ ਭੂਮੀ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਸਫਲ ਰਹੀ। ਪਰ ਨਾਲ ਹੀ ਉਸ ਨੇ ਆਜਾਦ ਫਿਜਾ ਵਿਚ ਜਨਮੀ ਨੇ ਆਜਾਦ ਫਿਜਾ ਵਿਚ ਹੀ ਆਪਣੀਆਂ ਅੱਖਾਂ ਹਮੇਸ਼ਾ ਲਈ ਬੰਦ ਕਰ ਲਈਆਂ। ਦੁਸ਼ਮਣ ਵਾਹ ਨਾ ਜਾਂਦੀ ਦੇਖ ਮੈਦਾਨ ਛੱਡ ਦੋੜ ਗਿਆ। ਕਿਸਾ ਇਸ ਵਾਰ ਬਹਾਦਰ ਔਰਤ ਦੀ ਬਹਾਦਰੀ ਕਾਰਨ ਦੁਸ਼ਮਣ ਕੋਲੋਂ ਬਚਾ ਲਿਆ ਗਿਆ। ਬੇਸ਼ਕ 1779 ਵਿਚ ਹੈਦਰ ਅਲੀ ਨੇ ਦੁਬਾਰਾ ਹਮਲਾ ਕਰ ਕਿਲੇ ਉਤੇ ਕਬਜਾ ਕਰ ਲਿਆ ਸੀ। ਓਨੈਕੇ ਓਬਵਾਵਾ ਨੇ ਆਖਰੀ ਵਾਰ ਸਾਹ ਲੈਣ ਤੋਂ ਪਹਿਲਾਂ ਦੁਸ਼ਮਣ ਫ਼ੌਜਾਂ ਨੂੰ ਬਹੁਤ ਨੁਕਸਾਨ ਕੀਤਾ ਜਿਸ ਨੇ ਉਸ ਦੇ ਰਾਜਾ ਮਦਕਰੀ ਨਾਅਕਾ ਅਤੇ ਉਸ ਦੀ ਮਾਤ ਭੂਮੀ ਨੂੰ ਜਿੱਤ ਦਵਾਈ।ਕਰਨਾਟਕ ਦੇ ਇਤਿਹਾਸ ਵਿੱਚ ਓਨੈਕ ਓਬਵਾਵਾ ਦੀ ਕਹਾਣੀ ਨੂੰ ਬਹਾਦਰੀ ਅਤੇ ਬਹਾਦਰੀ ਦੀ ਇੱਕ ਵਿਲੱਖਣ ਕਹਾਣੀ ਵਜੋਂ ਜਾਣਿਆ ਜਾਂਦਾ ਹੈ ਅਤੇ ਆਉਣ ਵਾਲੀਆਂ ਪੀੜੀਆਂ ਨੂੰ ਪ੍ਰੇਰਿਤ ਕਰਦਾ ਰਹਿੰਦਾ ਹੈ। ਉਹ ਦੰਪਤੀ ਜੋੜਾ ਬੇਦਾ ਭਾਈਚਾਰੇ ਦਾ ਹਿੱਸਾ ਸੀ, ਭਾਰਤੀ ਜਾਤ ਪ੍ਰਣਾਲੀ ਵਿੱਚ ਦਲਿਤ ("ਅਛੂਤ") ਸਮੂਹ ਦੇ ਅਧੀਨ ਹੋਣ ਲਈ ਮੰਨਿਆ ਜਾਂਦਾ ਸੀ।ਪੋਤ੍ਰਨਾ ਕਨਾਗਲ ਦੁਆਰਾ ਨਿਰਦੇਸ਼ਤ ਨਾਗਰਹੁੱਵ ਦੇ ਇੱਕ ਮਸ਼ਹੂਰ ਕਲਾਕਾਰ ਨੇ ਆਪਣੀ ਲਘੂ ਫਿਲਮ ਦੁਆਰਾ ਉਸ ਦੀ ਮਹਾਨਤਾ ਦਾ ਬਾਖੂਬੀ ਵਰਨਣ ਕੀਤਾ ਹੈ। ਖੇਡ ਸਟੇਡੀਅਮ ਦਾ ਨਾਂ ਵੀ ਉਨ੍ਹਾਂ ਦੇ- "ਵੀਰ ਓਨੈਕੇ ਓਬਵਾਵਾ ਸਟੇਡੀਅਮ", ਰੱਖਿਆ ਗਿਆ ਹੈ, ਅਤੇ ਚਿਤ੍ਰਦੁਰਗ ਵਿਚ ਜ਼ਿਲ੍ਹਾ ਕਮਿਸ਼ਨਰ ਦੇ ਦਫਤਰ ਵਿਚ ਅਸ਼ੋਕ ਗੁਡੀਗਰ ਦੁਆਰਾ ਬਣਾਈ ਗਈ ਉਸ ਦੀ ਮੂਰਤੀ ਸਥਾਪਿਤ ਕੀਤੀ ਗਈ ਹੈ।

# ਡਾਕਟਰਾਂ 'ਤੇ ਹਮਲਾ ਤੇ ਉਸ ਤੋਂ ਬਾਅਦ ਦੀ ਸਿਆਸਤ

ਡਾ.ਅੰਮ੍ਰਿਤ

ਲੰਘੇ ਸੋਮਵਾਰ ਕੋਲਕਾਤਾ ਵਿਚ ਮੁਲਕ ਦੇ ਮਸ਼ਹੂਰ 'ਨੀਲ ਰਤਨ ਸਰਕਾਰੀ ਮੈਡੀਕਲ ਕਾਲਜ' ਵਿਚ ਇਕ ਬਜ਼ੁਰਗ ਮਰੀਜ਼ ਦੀ ਮੌਤ ਤੋਂ ਬਾਅਦ ਮਰੀਜ਼ ਦੇ ਰਿਸ਼ਤੇਦਾਰਾਂ ਨੇ ਮੌਕੇ ਉੱਤੇ ਹਾਜ਼ਰ ਜੂਨੀਅਰ ਡਾਕਟਰਾਂ ਉੱਤੇ ਹਮਲਾ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਮਰੀਜ਼ ਦੇ ਰਿਸ਼ਤੇਦਾਰ ਦੋ ਟਰੱਕ ਭਰ ਕੇ ਆਏ ਅਤੇ ਮੌਜੂਦ ਡਾਕਟਰਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਦੋਸ਼ ਸੀ ਕਿ ਮਰੀਜ਼ ਦੇ ਇਲਾਜ ਵਿਚ ਲਾਪ੍ਰਵਾਹੀ ਵਰਤੀ ਗਈ। ਹਮਲੇ ਵਿਚ ਦੋ ਡਾਕਟਰਾਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਹ ਆਈਸੀਯੂ ਵਿਚ ਜ਼ੇਰੇ-ਇਲਾਜ ਹਨ।

ਇਸ ਘਟਨਾ ਤੋਂ ਬਾਅਦ ਪੱਛਮੀ ਬੰਗਾਲ ਦੇ ਸਮੁੱਚੇ ਸਰਕਾਰੀ ਹਸਪਤਾਲਾਂ ਦੇ ਡਾਕਟਰ ਹੜਤਾਲ ਉੱਤੇ ਚਲੇ ਗਏ ਅਤੇ ਉਨ੍ਹਾਂ ਦੀ ਹਮਾਇਤ ਵਿਚ ਮੁਲਕ ਦੇ ਅਲੱਗ ਅਲੱਗ ਸੂਬਿਆਂ ਵਿਚ ਡਾਕਟਰ ਆਪੋ-ਆਪਣੇ ਢੰਗਾਂ ਨਾਲ ਰੋਸ ਵਿਖਾਵੇ ਕਰ ਰਹੇ ਹਨ। ਡਾਕਟਰਾਂ ਦੇ ਰੋਸ ਵਿਖਾਵਿਆਂ ਦੀ ਅਗਵਾਈ ਜੂਨੀਅਰ ਡਾਕਟਰਾਂ ਦੀਆਂ ਜਥੇਬੰਦੀਆਂ ਦੇ ਨਾਲ਼ ਨਾਲ਼ ਮੁੱਖ ਰੂਪ ਵਿਚ ਡਾਕਟਰਾਂ ਦੀ ਸਰਬ ਭਾਰਤੀ ਜਥੇਬੰਦੀ ਇੰਡੀਅਨ ਮੈਡੀਕਲ ਅਸੋਸੀਏਸ਼ਨ (ਆਈਐੱਮਏ) ਕਰ ਰਹੀ ਹੈ। ਹਮਲੇ ਦੀ ਘਟਨਾ ਤੋਂ ਬਾਅਦ ਮਮਤਾ ਸਰਕਾਰ ਨੇ ਮਾਮਲੇ ਦੀ ਗੰਭੀਰਤਾ ਸਮਝਣ ਦੀ ਥਾਂ ਸਰਕਾਰਾਂ ਦੀ ਜਾਣੀ-ਪਛਾਣੀ ਧਮਕੀਆਂ-ਡਰਾਵਿਆਂ ਦੀ ਰਣਨੀਤੀ ਰਾਹੀਂ ਹੜਤਾਲ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨਾਲ਼ ਡਾਕਟਰਾਂ ਦੀ ਹੜਤਾਲ ਨੇ ਹੋਰ ਸਖ਼ਤ ਰੁਖ਼ ਫੜ ਲਿਆ।

ਇਕ ਪਾਸੇ ਹੜਤਾਲ ਹੈ, ਦੂਜੇ ਪਾਸੇ ਇਸ ਉੱਤੇ ਮੁਲਕ ਦੀ ਨਿੱਘਰ ਚੁੱਕੀ ਸਿਆਸਤ ਇੱਲਾਂ ਵਾਂਗ ਝਪਟ ਪਈ ਹੈ। ਪੱਛਮੀ ਬੰਗਾਲ ਵਿਚ ਮਮਤਾ ਸਰਕਾਰ ਨੂੰ ਕਿਨਾਰੇ ਲਾਉਣ ਨੂੰ ਮੌਕਾ ਤਲਾਸ਼ ਰਹੀ ਭਾਜਪਾ ਦੇ ਸੀਨੀਅਰ ਨੇਤਾ ਮੁਕੁਲ ਰਾਏ ਨੇ ਤੁਰੰਤ ਬਿਆਨ ਦਿੱਤਾ: "ਹਮਲਾ ਖ਼ਾਸ ਸਮੁਦਾਇ (ਭਾਈਚਾਰੇ) ਵੱਲੋਂ ਕੀਤਾ ਗਿਆ ਹੈ, ਉਹ ਤ੍ਰਿਣਮੂਲ ਨਾ਼ਲ ਜੁੜੇ ਹੋਏ ਹਨ ਅਤੇ ਡਾਕਟਰ ਜਿਸ ਉੱਤੇ ਹਮਲਾ ਹੋਇਆ ਹੈ, ਉਸ ਦਾ ਨਾਮ ਪਰਿਬਾਹਾ ਮੁਖਰਜੀ ਹੈ।" ਜਦੋਂ ਪੁੱਛਿਆ ਗਿਆ ਕਿ ਉਹ ਇਸ ਘਟਨਾ ਨੂੰ ਫ਼ਿਰਕੂ ਰੰਗਤ ਕਿਉਂ ਦੇ ਰਿਹਾ ਹੈ ਤਾਂ ਉਸ ਦਾ ਜਵਾਬ ਸੀ: "ਮੁਖਰਜੀ ਤੇ ਉਸ ਦੇ ਸਾਥੀਆਂ ਉੱਤੇ ਹੋਇਆ ਇਹ ਹਮਲਾ ਸਾਧਾਰਨ ਨਹੀਂ ਹੈ। ਇਹ ਖ਼ਾਸ ਸਮੁਦਾਇ ਵੱਲੋਂ ਯੋਜਨਾਬੱਧ ਹਮਲਾ ਹੈ ਅਤੇ ਹਮਲਾਵਰਾਂ ਨੂੰ ਸਰਕਾਰ ਚਲਾ ਰਹੀ ਪਾਰਟੀ ਦੀ ਸ਼ਹਿ ਹੈ।"

ਬੰਗਾਲ ਭਾਜਪਾ ਦੇ ਡਾਕਟਰਾਂ ਦੇ ਸੈਲ ਦੇ ਕਨਵੀਨਰ ਵਿਵੇਕਨੰਦਾ ਮਜੂਮਦਾਰ ਜਿਹੜਾ ਖੁਦ ਪ੍ਰਾਈਵੇਟ ਡਾਕਟਰ ਹੈ, ਨੇ ਇਕ ਕਦਮ ਅੱਗੇ ਜਾਂਦੇ ਹੋਏ ਕਿਹਾ: "ਪਿਛਲੇ ਕੁਝ ਸਮੇਂ ਤੋਂ ਬੰਗਾਲ ਵਿਚ ਡਾਕਟਰਾਂ ਉੱਤੇ ਹਮਲੇ ਵਰਤਾਰਾ ਬਣ ਗਿਆ ਹੈ। ਇਸ ਦੀ ਯੋਜਨਾ ਖ਼ਾਸ ਸਮੁਦਾਇ ਨਾ਼ਲ ਜੁੜੇ ਗੁੰਡਿਆਂ ਵੱਲੋਂ ਬਣਾਈ ਗਈ ਹੈ।" (ਦ ਟੈਲੀਗ੍ਰਾਫ਼, 12 ਜੂਨ 2019)। ਹੁਣ ਇਹ ਕਿਸ ਨੂੰ ਨਹੀਂ ਪਤਾ ਕਿ ਭਾਜਪਾ ਲਈ 'ਖ਼ਾਸ ਸਮੁਦਾਇ' ਤੋਂ ਕੀ ਭਾਵ ਹੈ? ਉਧਰ ਭਾਜਪਾ ਆਗੂ ਅਤੇ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਨੇ ਡਾਕਟਰਾਂ ਦੀ ਗੱਲ ਸੁਣਨ ਲਈ ਮਮਤਾ ਸਰਕਾਰ ਨੂੰ ਚਿੱਠੀ ਲਿਖੀ ਹੈ। ਨਾ਼ਲ ਹੀ ਮੰਤਰੀ ਜੀ ਨੇ ਡਾਕਟਰਾਂ ਉੱਤੇ ਹਮਲੇ ਰੋਕਣ ਲਈ ਕਾਨੂੰਨ ਬਣਾਉਣ ਦੀ ਜ਼ਰੂਰਤ ਬਾਰੇ ਕਿਹਾ ਹੈ। ਮੰਤਰੀ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਪਿਛਲੇ ਪੰਜ ਸਾਲ ਤੋਂ ਉਨ੍ਹਾਂ ਨੂੰ ਕਾਨੂੰਨ ਬਣਾਉਣ ਤੋਂ ਕੌਣ ਰੋਕ ਰਿਹਾ ਸੀ, ਇਨ੍ਹਾਂ ਸਾਲਾਂ ਦੌਰਾਨ ਤਾਂ ਮੁਲਕ ਦੇ ਹਰ ਕੋਨੇ ਵਿਚ ਡਾਕਟਰਾਂ ਉੱਤੇ ਹਮਲਿਆਂ ਦੀਆਂ ਘਟਨਾਵਾਂ ਹੋ ਰਹੀਆਂ ਹਨ।

ਇਸ ਤੋਂ ਬਿਨਾ, ਭਾਜਪਾ ਦੇ ਅਚਾਨਕ ਜਾਗੇ 'ਡਾਕਟਰ ਪ੍ਰੇਮ' ਨੂੰ ਘੋਖਣਾ ਵੀ ਜ਼ਰੂਰੀ ਹੈ। ਪਿਛਲੇ ਸਾਲ ਜੁਲਾਈ ਵਿਚ ਮੱਧ ਪ੍ਰਦੇਸ਼ ਦੇ ਜੂਨੀਅਰ ਡਾਕਟਰਾਂ ਦੀ ਹੜਤਾਲ ਕੁਚਲਣ ਲਈ ਭਾਜਪਾ ਦੀ ਸ਼ਿਵਰਾਜ ਸਰਕਾਰ ਨੇ ਕੀ ਕੁਝ ਨਹੀਂ ਕੀਤਾ- ਬਰਤਰਫੀਆਂ, ਧਮਕੀਆਂ, ਹਾਈਕੋਰਟ ਰਾਹੀਂ ਕਾਨੂੰਨੀ ਡਰਾਵੇ ਸਮੇਤ ਸਭ ਕੁਝ। ਪਿਛਲੇ 2-3 ਸਾਲਾਂ ਵਿਚ ਮਹਾਂਰਾਸ਼ਟਰ ਦੀ ਭਾਜਪਾ ਸਰਕਾਰ ਨੇ ਵੀ ਵਾਰ ਵਾਰ ਜੂਨੀਅਰ ਡਾਕਟਰਾਂ ਨਾ਼ਲ ਇਹੀ ਕੁਝ ਕੀਤਾ ਹੈ। ਰਾਜਸਥਾਨ ਦੀ ਵੀ ਇਹੀ ਕਹਾਣੀ ਹੈ। ਉੱਤਰ ਪ੍ਰਦੇਸ਼ ਦੀ ਗੋਰਖਪੁਰ-ਆਕਸੀਜਨ ਤਰਾਸਦੀ ਨੂੰ ਕੋਈ ਸ਼ਾਇਦ ਹੀ ਭੁੱਲਿਆ ਹੋਵੇ। ਹੋਰ ਤਾਂ ਹੋਰ, ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਸਰਕਾਰੀ ਮੈਡੀਕਲ ਕਾਲਜਾਂ ਦੀਆਂ ਫ਼ੀਸਾਂ ਲੱਖਾਂ ਵਿਚ ਪਹੁੰਚਾ ਦਿੱਤੀਆਂ।

ਬੰਗਾਲ ਵਿਚ ਵੀ ਇਹ ਕੋਈ ਪਹਿਲਾਂ ਹਮਲਾ ਨਹੀਂ ਹੈ ਪਰ ਭਾਜਪਾ ਦੀ ਕੇਂਦਰੀ ਸਰਕਾਰ ਅਤੇ ਇਸ ਨਾ਼ਲ ਜੁੜੇ ਡਾਕਟਰ ਸੈੱਲ ਚੁੱਪ ਹੀ ਰਹੇ। ਦੂਜੇ ਪਾਸੇ, ਮਮਤਾ ਬੈਨਰਜੀ ਦਾ ਰਵੱਈਆ ਵੀ ਸਾਫ਼ ਦਿਖਾ ਰਿਹਾ ਹੈ ਕਿ ਲੋਕਾਂ ਨਾ਼ਲ ਜੁੜੇ ਮਸਲਿਆਂ ਬਾਰੇ ਸਭ ਸਿਆਸੀ ਪਾਰਟੀਆਂ ਕੋਲ ਇਕੋ ਹੀ ਇਲਾਜ ਹੈ: ਲਾਰੇ, ਧੋਖਾ, ਧਮਕੀਆਂ, ਕਾਨੂੰਨੀ ਡਰਾਵੇ, ਆਪਣੇ ਸੰਗਠਨ ਰਾਹੀਂ ਲੋਕਾਂ ਦਾ ਵਿਰੋਧ ਤੋੜਨ ਦੇ ਯਤਨ ਆਦਿ।

ਕੁਝ ਗੱਲਾਂ ਆਈਐੱਮਏ ਬਾਰੇ ਵੀ; ਇਹ ਜਥੇਬੰਦੀ ਭਾਵੇਂ ਕਹਿਣ ਨੂੰ ਭਾਰਤ ਦੇ ਸਮੁੱਚੇ ਡਾਕਟਰਾਂ ਦੀ ਨੁਮਾਇੰਦਗੀ ਕਰਦੀ ਹੈ ਤੇ ਮੈਡੀਕਲ ਵਿਗਿਆਨ ਦੀ ਰਾਖੀ ਵੀ ਕਰਦੀ ਹੈ ਪਰ ਕਿਉਂਕਿ ਭਾਰਤ ਦੇ ਸਮੁੱਚੇ ਡਾਕਟਰਾਂ ਵਿਚੋਂ ਤਿੰਨ-ਚੌਥਾਈ ਤੋਂ ਵੱਧ ਪ੍ਰਾਈਵੇਟ ਡਾਕਟਰ ਹਨ ਤੇ 80% ਵੱਡੇ ਸ਼ਹਿਰਾਂ ਵਿਚ ਬੈਠੇ ਹਨ, ਇਸ ਲਈ ਇਹ ਜਥੇਬੰਦੀ ਮੁੱਖ ਰੂਪ ਵਿਚ ਪ੍ਰਾਈਵੇਟ ਡਾਕਟਰਾਂ ਦਾ ਸਮੂਹ ਬਣ ਚੁੱਕਾ ਹੈ। ਇਸ ਦਾ ਮੁੱਖ ਕਾਰਜ ਪ੍ਰਾਈਵੇਟ ਕਾਰੋਬਾਰ ਦੇ ਹਿਤਾਂ ਦੀ ਰਾਖੀ ਬਣ ਚੁੱਕਾ ਹੈ। ਸਾਲ ਪਹਿਲਾਂ ਮਹਾਂਰਾਸ਼ਟਰ ਵਿਚ ਜੂਨੀਅਰ ਡਾਕਟਰਾਂ ਦੀ ਹੜਤਾਲ ਵਿਚ ਇਸ ਦੀ ਸ਼ੱਕੀ ਭੂਮਿਕਾ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ। ਉਂਜ ਵੀ, ਆਈਐੱਮਏ ਕਿਸ ਤਰ੍ਹਾਂ ਕੰਮ ਕਰਦੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਹੋ ਜਾਂਦਾ ਹੈ ਕਿ ਸਾਲ ਕੁ ਪਹਿਲਾਂ ਇਸ ਦੇ ਕੌਮੀ ਸੰਮੇਲਨ ਵਿਚ ਪ੍ਰਵੀਨ ਤੋਗੜੀਆ ਮੁੱਖ ਬੁਲਾਰਿਆਂ ਵਿਚ ਸੀ। ਇਸ ਦਾ ਕਈ ਲੋਕ-ਪੱਖੀ ਡਾਕਟਰਾਂ ਨੇ ਤਿੱਖਾ ਵਿਰੋਧ ਕੀਤਾ। ਅਜੇ ਕੁਝ ਦਿਨ ਪਹਿਲਾਂ ਹੀ ਆਪਣੀ ਪੂਰੀ ਜ਼ਿੰਦਗੀ ਆਮ ਲੋਕਾਂ ਲਈ ਲਗਾਉਣ ਵਾਲੇ ਡਾ. ਅਰੁਣ ਗਦਰੇ ਨੂੰ ਦਿੱਲੀ ਵਿਚ ਘੇਰ ਕੇ 'ਜੈ ਸ਼੍ਰੀ ਰਾਮ' ਦੇ ਨਾਹਰੇ ਲਗਵਾਏ ਗਏ ਪਰ ਆਈਐੱਮਏ ਚੁੱਪ ਰਹੀ। ਵੱਖ ਵੱਖ ਸਰਕਾਰਾਂ ਨੇ ਪਿਛਲੇ ਦੋ-ਢਾਈ ਦਹਾਕਿਆਂ ਤੋਂ ਸਿਹਤ ਸੇਵਾਵਾਂ ਅਤੇ ਮੈਡੀਕਲ ਸਿੱਖਿਆ ਦਾ ਲਗਾਤਾਰ ਬੇੜਾ ਗਰਕ ਕੀਤਾ ਗਿਆ ਪਰ ਆਈਐੱਮਏ ਚੁੱਪ ਹੀ ਰਹੀ। ਜਦ ਵੀ ਕਿਸੇ ਸਰਕਾਰ ਨੇ ਜਨਤਕ ਦਬਾਅ ਹੇਠ ਪ੍ਰਾਈਵੇਟ ਅਤੇ ਕਾਰਪੋਰੇਟ ਹਸਪਤਾਲਾਂ ਨੂੰ ਕੁਝ ਨਿਗਰਾਨੀ ਹੇਠ ਲਿਆਉਣ ਦੀ ਗੱਲ ਕੀਤੀ ਹੈ ਤਾਂ ਆਈਐੱਮਏ 'ਲਹਿਰ' ਖੜ੍ਹੀ ਕਰਦੀ ਰਹੀ ਹੈ।ੈਰ!, ਫ਼ਿਲਹਾਲ ਮਸਲਾ ਜੂ-ਨੀਅਰ ਡਾਕਟਰਾਂ ਉੱਤੇ ਹਮਲਿਆਂ ਦਾ ਹੈ। ਮੈਡੀਕਲ ਕਾਲਜਾਂ ਵਿਚ ਕੰਮ ਕਰਦੇ ਜੂਨੀਅਰ ਡਾਕਟਰਾਂ ਉੱਤੇ ਹਮਲੇ ਬਿਨਾ ਸ਼ੱਕ ਚਿੰਤਾ ਦਾ ਵਿਸ਼ਾ ਹਨ। ਹਮਲਿਆਂ ਪਿੱਛੇ ਕਈ ਕਾਰਨ ਮੌਜੂਦ ਹਨ। ਪਹਿਲਾ, ਸਰਕਾਰੀ ਹਸਪਤਾਲਾਂ ਵਿਚ ਆਮ ਕਰਕੇ ਗਰੀਬ ਲੋਕ ਆਉਂਦੇ ਹਨ ਪਰ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਲਗਾਤਾਰ ਨਿੱਘਰ ਰਹੀਆਂ ਹਨ। ਦਵਾਈਆਂ ਦੀ ਅਣਹੋਂਦ, ਸਟਾਫ਼ ਦੀ ਘਾਟ, ਟੈਸਟ ਨਾ ਹੋਣੇ, ਸਫ਼ਾਈ ਦਾ ਬੁਰਾ ਹਾਲ ਆਦਿ ਕਰਕੇ ਜਦੋਂ ਆਮ ਲੋਕਾਂ ਦਾ ਸਾਹਮਣਾ ਇਨ੍ਹਾਂ ਅਣਮਨੁੱਖੀ ਹਾਲਾਤ ਨਾਲ ਹੁੰਦਾ ਹੈ ਤਾਂ ਉਨ੍ਹਾਂ ਦੇ ਮਨਾਂ ਵਿਚ ਸਰਕਾਰੀ ਢਾਂਚੇ ਪ੍ਰਤੀ ਗੁੱਸਾ ਭਰ ਜਾਂਦਾ ਹੈ।

## ਆਪਣੇ ਬਾਪ ਦੇ ਭੋਗ ਤੋਂ ਬਾਅਦ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ ਕਿ

# ਮੈਂ ਬਾਪ ਦੀ ਥਾਂ ਸਿਰ ਤੇ ਪੱਗ ਕਿਉਂ ਬੰਨਾਂ? ਜਦ ਬਾਬਾ ਸਾਹਿਬ ਸਾਰੇ ਸਮਾਜ ਦੀ ਪੱਗ ਮੇਰੇ ਸਿਰ 'ਤੇ ਬੰਨ ਗਿਆ

ਵਾਕਿਆ ਅਕਤੂਬਰ ਦੇ ਪਹਿਲੇ ਹਫਤੇ ਮਤਲਬ ਕਿ 1982 ਦਾ। ਜਦ ਸਾਹਿਬ ਦੇ ਪਿਤਾ ਸ: ਹਰੀ ਸਿੰਘ ਦਾ ਭੋਗ ਪਿੰਡ ਖੁਵਾਸਪੁਰ (ਨੇੜੇ ਰੋਪੜ) ਦੀ ਜੂਹ ਤੋਂ ਬਾਅਦ ਸਾਹਿਬ ਦੀ ਸ਼ਰਤ (ਸਾਹਿਬ ਨੇ ਸ਼ਰਤ ਰੱਖੀ ਸੀ ਕਿ ਮੈਂ ਪਿੰਡ ਨਹੀਂ ਆਵਾਂਗਾ। ਜੇ ਭੋਗ ਪਿੰਡੋਂ ਬਾਹਰ ਰੱਖੋਗੇ ਤਾਂ ਆਵਾਂਗਾ) ਮੁਤਾਬਿਕ ਪਿੰਡ ਖੁਵਾਸਪੁਰ ਦੀਆਂ ਰੇਲਵੇ ਲਾਈਨਾਂ ਟੱਪ ਕੇ ਮਤਲਬ ਪਿੰਡ ਦੇ ਵਸੀਵੇਂ ਤੋਂ ਬਾਹਰ ਮਰਗ ਦਾ ਭੋਗ ਪੈਣ ਉਪਰੰਤ ਜਦ ਕੁਝ ਰਿਸਤੇਦਾਰ ਤੇ ਪਰਿਵਾਰਕ ਸਬੰਧੀ ਪੱਗੜੀ ਦੀ ਰਸਮ ਨਿਭਾਉਣ ਲੱਗੇ ਤਾਂ ਸਾਹਿਬ ਨੇ ਇਹ ਕਹਿਕੇ ਸਿਰ ਤੇ ਪੱਗ ਬੰਨਵਾਉਣ ਲਈ ਮਨਾਂ ਕਰ ਦਿੱਤਾ ਕਿ ਇਹ ਤੁਸੀਂ ਜਾਣੋ ਜਾਂ ਤੁਹਾਡਾ ਪਰਿਵਾਰ। ਮੇਰੇ ਸਿਰ ਤੇ ਤਾਂ ਪਹਿਲਾਂ ਹੀ ਬਾਬਾ ਸਾਹਿਬ ਨੇ ਪੂਰੇ ਸਮਾਜ ਦੀ ਜਿੰਮੇਵਾਰੀ ਚੁੱਕਣ ਲਈ ਪੱਗ ਬੰਨ੍ਹ ਦਿੱਤੀ ਹੋਈ ਹੈ।

ਇਹ ਉਹ ਇਤਿਹਾਸਕ ਪੱਲ ਸਨ ਜਦ ਸਾਹਿਬ ਪੂਰੇ 27 ਸਾਲ ਬਾਅਦ ਪਰਿਵਾਰਕ ਮੈਂਬਰਾਂ ਦੇ ਰੂ ਬ ਰੂ ਹੋਏ ਸਨ ਤੇ ਇਲਾਕੇ ਦੇ ਬਜ਼ੁਰਗ ਵੱਡੀ ਗਿਣਤੀ 'ਚ ਕਾਂਸ਼ੀ ਰਾਮ ਦੀ ਇੱਕ ਝਲਕ ਵੇਖਣ ਲਈ ਪਹੁੰਚੇ ਹੋਏ ਸਨ।

ਯਾਦ ਰਹੇ 24 ਸਤੰਬਰ 1982 ਨੂੰ ਸਾਹਿਬ ਨੇ ਜਲੰਧਰ 'ਚ ਪੂਨਾ ਪੈਕਟ ਦੇ ਮੌਕੇ ਤੇ "ਧਿਕਾਰ ਦਿਵਸ" ਰੈਲੀ ਦਾ ਆਯੋਜਨ ਕੀਤਾ ਸੀ। ਸਾਹਿਬ ਦੀਆਂ ਦੋ ਸ਼ਰਤਾਂ ਮੁਤਾਬਿਕ ਕਿ ਨਾ ਹੀ ਰੈਲੀ ਦਾ ਆਯੋਜਨ ਬੂਟਾਂ ਮੰਡੀ 'ਚ ਹੀ ਹੋਵੇ ਤੇ ਨਾ ਹੀ ਬੂਟਾਂ ਮੰਡੀ ਦੇ ਕਿਸੇ ਸਖਸ ਤੋਂ ਰੈਲੀ ਲਈ ਫੰਡ ਹੀ ਲੈਣਾ ਹੈ। ਬੂਟਾ ਮੰਡੀ ਵਾਲਿਆਂ ਨੂੰ ਇਹ ਦੱਸਣਾ ਹੈ ਕਿ ਮਿਸ਼ਨ ਕਿਵੇਂ ਚਲਾਏ ਜਾਂਦੇ ਆ? ਸਾਹਿਬ ਦਾ ਸਾਫ ਸਾਫ ਇਸਾਰਾ ਬੂਟਾ ਮੰਡੀ ਦੇ ਕਾਂਗਰਸੀ ਪਿਛੋਕੜ ਲੋਕਾਂ ਵੱਲ ਸੀ। ਸੋ ਇਸ ਕਰਕੇ ਹੋਇਆ ਵੀ ਇਸ ਤਰਾਂ ਹੀ। ਇਸੇ ਕਰਕੇ ਇਸ ਰੈਲੀ ਦਾ ਆਯੋਜਨ ਬਾਬਾ ਸਕਿਨ ਫੈਕਟਰੀ ਕੋਲ ਕੀਤਾ ਗਿਆ ਸੀ।

ਇਸ ਰੈਲੀ 'ਚ 50 ਹਜਾਰ ਤੋਂ ਵੀ ਵੱਧ ਲੋਕ ਸਾਮਿਲ ਹੋਏ ਸਨ। ਇਹ ਉਹ ਰੈਲੀ ਸੀ ਜਿਸ ਨੇ ਪੰਜਾਬ ਦੀ ਸਿਆਸਤ ਦੇ ਜੜੀ ਤੇਲ ਦੇ ਕੇ ਰੱਖ ਦਿੱਤਾ ਸੀ। ਸਾਹਿਬ ਦਾ ਬਾਪ ਇਸ ਰੈਲੀ 'ਚ ਪਿੰਡ ਦੇ ਲੋਕਾਂ ਨਾਲ ਟਰੱਕ 'ਚ ਬੈਠ ਕੇ ਗਿਆ ਸੀ। ਜਦ ਸਾਹਿਬ ਦੇ ਬਾਪ ਸ: ਹਰੀ ਸਿੰਘ ਨੇ ਵੇਖਿਆ ਕਿ ਮੈਂ ਕਿੰਨਾ ਖੁਸ਼ਕਿਸਮਤ ਹਾਂ ਕਿ ਮੇਰੇ ਪੁੱਤਰ ਨੂੰ 50 ਹਜਾਰ ਤੋਂ ਵੀ ਵੱਧ ਲੋਕ ਸੁਣਨ ਲਈ ਪਹੁੰਚੇ ਹਨ ਤਾਂ ਉਸੇ ਰਾਤ ਵਾਪਿਸ ਪਿੰਡ ਆ ਕੇ ਖੁਸੀ ਦਾ ਸਦਮਾ ਨਾ ਸਹਾਰਦਿਆਂ ਹਾਰਟ ਅਟੈਕ ਨਾਲ ਮੌਤ ਹੋ ਗਈ।



ਸਾਹਿਬ ਆਪਣੀ ਪਰਤਿੱਗਿਆ ਦੇ ਇੰਨੇ ਪੱਕੇ ਸਨ ਕਿ ਜਲੰਧਰ 'ਚ ਹੋਣ ਦੇ ਬਾਵਜੂਦ ਵੀ ਆਪਣੇ ਬਾਪ ਦੇ ਸੰਸਕਾਰ ਤੇ ਨਾ ਪਹੁੰਚੇ। ਉਸ ਤੋਂ ਬਾਅਦ ਸਾਹਿਬ ਬਾਪ ਦਾ ਅਫਸੋਸ ਕਰਨ ਲਈ ਵੀ ਘਰ ਨਾ ਪਹੁੰਚੇ। ਉਸ ਤੋਂ ਬਾਅਦ ਮਾਤਾ ਬਿਸ਼ਨ ਕੌਰ ਨੇ ਆਪਣੀ ਰਿਸ਼ਤੇਦਾਰੀ ਚੋਂ ਕੁੱਝ ਲੋਕਾਂ ਨੂੰ ਸਾਹਿਬ ਕੋਲ ਚੰਡੀਗੜ ਭੇਜਿਆ ਕਿ ਜੇ ਸੰਸਕਾਰ ਤੇ ਨਹੀਂ ਆ ਹੋਇਆ ਘੱਟੋ ਘੱਟ ਮਰਗ ਦੇ ਭੋਗ ਤੇ ਤਾਂ ਆ ਜਾਵੇ। ਲੋਕ ਕੀ ਕਹਿਣਗੇ?

ਸ਼ਾਹਿਬ ਨੇ ਇੱਥੇ ਵੀ ਦੋ ਸ਼ਰਤਾਂ ਰੱਖਦਿਆਂ ਕਿਹਾ ਕਿ ਮੈਂ ਇਸ ਸ਼ਰਤ ਤੇ ਭੋਗ ਤੇ ਆਵਾਂਗਾ। ਕਿ ਇੱਕ ਤਾਂ ਜਿਲਾ ਰੋਪੜ ਦਾ ਬਾਮਸੇਫ ਯੂਨਿਟ ਮੈਨੂੰ ਸੱਦਾ ਪੱਤਰ ਭੇਜੇ ( ਪਰਿਵਾਰ ਦੇ ਕਹਿਣ ਤੇ ਨਹੀਂ ਆਵਾਂਗਾ) ਤੇ ਦੂਸਰਾ ਮਰਗ ਦਾ ਭੋਗ ਪਿੰਡੋਂ ਬਾਹਰ ਕਿਤੇ ਰੱਖਿਆ ਜਾਵੇ।

ਸਾਹਿਬ ਦੀਆਂ ਇਹ ਦੋਵੇਂ ਸ਼ਰਤਾਂ ਮੰਨੀਆਂ ਗਈਆਂ ਤਾਂ ਜਾ ਕੇ ਉਹ ਆਪਣੇ ਬਾਪ ਸ: ਹਰੀ ਸਿੰਘ ਦੇ ਭੋਗ ਤੇ ਪਹੁੰਚੇ ਸਨ। ਭੋਗ 'ਚ ਮਹਿਜ ਅੱਧਾ ਕੁ ਘੰਟਾ ਸ਼ਮੂਲੀਅਤ ਕਰਨ ਤੋਂ ਬਾਅਦ ਸਾਹਿਬ ਪਾਣੀ ਦਾ ਘੁੱਟ ਪੀਤੇ ਬਿਨਾਂ ਹੀ ਆਪਣੀ ਅਗਲੀ ਮੰਜਿਲ ਵੱਲ ਰਵਾਨਾ ਹੋ ਗਏ। ਹਾਲਾਂਕਿ ਪਿੰਡ ਦੇ ਲੋਕਾਂ ਤੇ ਪਰਿਵਾਰਕ ਜੀਆਂ ਨੇ ਸਾਹਿਬ ਨੂੰ ਘਰ ਚੱਲਣ ਦੀ ਤਾਕੀਦ ਕੀਤੀ ਪਰ ਉਹ ਆਪਣੀ ਧੁੰਨ ਦੇ ਪੱਕੇ ਹੀ ਇੰਨੇ ਸਨ ਕਿ ਪਰਿਵਾਰਕ ਮੈਂਬਰਾਂ ਦੀ ਕਿਸੇ ਵੀ ਬੇਨਤੀ ਦਾ ਉਹਨਾਂ ਤੇ ਕੋਈ ਵੀ ਅਸਰ ਨਹੀਂ ਹੋਇਆ।

(ਮੈਂ ਕਾਂਸ਼ੀ ਰਾਮ ਬੋਲਦਾ ਹਾਂ " ਕਿਤਾਬ ਚੋਂ ਕੁੱਝ ਅੰਸ਼)

**9501143755 (pammi lalomazara)**

# ਜਬਰ ਜਿਨਾਹ ਦੀਆਂ ਘਟਨਾਵਾਂ ਵਿੱਚ ਵਾਧਾ ਸਾਡੇ ਅਖੌਤੀ ਸੱਭਿਅਕ ਸਮਾਜ ਦੇ ਮੂੰਹ 'ਤੇ ਚਪੇੜ

ਭਾਰਤ ਨੂੰ ਅਜ਼ਾਦ ਹੋਏ ਲਗਭਗ 72 ਸਾਲ ਹੋ ਗਏ ਹਨ। 72 ਸਾਲਾਂ ਦੇ ਇਤਿਹਾਸ ਵਿਚ ਭਾਰਤ ਦੇ ਲੋਕਾਂ ਨੇ ਅਨੇਕਾਂ ਉਤਰਾ-ਚੜਾਅ ਦੇਖੇ ਹਨ। ਅੱਜ ਵੀ ਸੁਤੰਤਰ ਭਾਰਤ ਦੇ ਲੋਕਾਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਵੇਂ ਕਿ ਲੱਕ ਤੋੜਵੀਂ ਮਹਿੰਗਾਈ, ਛੋਟੇ-ਵੱਡੇ ਅਖੌਤੀ ਰੱਬਾਂ (ਰਾਜਨੀਤਿਕ ਨੇਤਾਵਾਂ ਆਦਿ) ਦੀ ਪੈਸੇ ਅਤੇ ਪਦਾਰਥਾਂ ਦੀ ਲਾਲਸਾ ਕਾਰਨ ਵਿਸਫੋਟਕ ਰੂਪ ਧਾਰ ਰਿਹਾ ਭ੍ਰਿਸ਼ਟਾਚਾਰ, ਨੈਤਿਕ ਕਦਰਾਂ ਕੀਮਤਾਂ ਵਿਚ ਗਿਰਾਵਟ, ਜੁਰਮਾਂ ਵਿਚ ਹੱਦ ਦਰਜੇ ਦਾ ਵਾਧਾ, ਵੱਧ ਰਹੀਆਂ ਜਬਰ ਜਿਨਾਹ ਦੀਆਂ ਘਟਨਾਵਾਂ ਆਦਿ। 16 ਦਸੰਬਰ 2012 ਨੂੰ ਦਿੱਲੀ ਦੇ ਵਿਚ ਵਾਪਰੀ ਇਕ 23 ਸਾਲਾ ਪੈਰਾ ਮੈਡੀਕਲ ਦੀ ਵਿਦਿਆਰਥਣ ਨਾਲ ਜਬਰ ਜਿਨਾਹ ਦੀ ਘਟਨਾ ਨੇ ਸਮੁੱਚੇ ਦੇਸ਼ ਨੂੰ ਵਲੂੰਧਰ ਕੇ ਰੱਖ ਦਿੱਤਾ ਸੀ। ਵਿਸ਼ਵ ਦੇ ਕਈ ਦੂਜੇ ਦੇਸ਼ਾ ਦੁਆਰਾ ਵੀ ਇਸ ਘਟਨਾ ਦੀ ਨਿੰਦਾ ਕੀਤੀ ਗਈ ਅਤੇ ਇਸ ਕੁੜੀ ਨੂੰ ਮਰਨ ਉਪਰੰਤ ਸ਼ਰਧਾਜਲੀਆਂ ਦਿੱਤੀਆ ਗਈਆ। ਇਸ ਘਟਨਾ ਦੇ ਵਿਰੋਧ ਵਿਚ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਵਿਚ ਮੁਜਾਹਰੇ ਕੀਤੇ ਗਏ। ਮੁਜਰਿਮਾਂ ਨੂੰ ਫਾਂਸੀ ਦੀ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਗਈ।

ਇੰਨਾ ਕੁਝ ਹੋਣ ਦੇ ਬਾਵਜੂਦ ਵੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਵਿਚੋ ਨਿੱਤ-ਰੋਜ਼ ਜਬਰ ਜਿਨਾਹ ਦੀਆਂ ਘਟ-ਨਾਵਾਂ ਦੀਆਂ ਖਬਰਾ ਬੰਦ ਹੋਣ ਦਾ ਨਾਮ ਨਹੀਂ ਲੈ ਰਹੀਆਂ। ਸਗੋਂ ਦਿਨ-ਬ-ਦਿਨ ਮੀਡੀਆ ਵਿਚ ਆ ਰਹੀਆਂ ਖ਼ਬਰਾਂ ਤੋਂ ਤਾਂ ਇਸ ਤਰਾਂ ਪ੍ਰਤੀਤ ਹੋ ਰਿਹਾ ਹੈ ਕਿ ਜਬਰ ਜਿਨਾਹ ਦਾ ਅਪਰਾਧ ਘਟਣ ਦੀ ਬਜਾਏ ਵੱਧ ਰਿਹਾ ਹੈ। 26 ਮਈ 2019 ਨੂੰ ਐਤਵਾਰ ਵਾਲੇ ਦਿਨ ਕੇਵਲ ਪੰਜਾਬ 'ਚ ਹੀ 7 ਬੱਚੀਆਂ ਦੇ ਨਾਲ ਜਬਰ ਜਿਨਾਹ ਦੀਆਂ ਦਰਦਨਾਕ ਘਟਨਾਵਾਂ ਸਾਹਮਣੇ ਆਈਆਂ ਹਨ। ਇਨ੍ਹਾਂ 'ਚ ਧੂਰੀ ਵਿਖੇ ਕੇਵਲ 4 ਸਾਲ ਦੀ ਬੱਚੀ ਨਾਲ ਸਕੂਲ ਬੱਸ ਦੇ ਕੰਡਕਟਰ ਦੁਆਰਾ ਇਹ ਸ਼ਰਮਨਾਕ ਕਾਰਾ ਕੀਤਾ ਗਿਆ। 6 ਮਹੀਨਿਆਂ ਦੀਆਂ ਬੱਚੀਆਂ ਤੋਂ ਲੈ ਕੇ 80 ਸਾਲ ਤੱਕ ਦੀਆਂ ਬਜ਼ੁਰਗ ਔਰਤਾਂ ਇਸ ਅਣਮਨੁੱਖੀ, ਬਹਿਸ਼ੀ, ਦਿਲ ਦਹਿਲਾਉਣ ਵਾਲੀਆਂ ਘਟਨਾਵਾਂ ਦਾ ਸ਼ਿਕਾਰ ਨਿੱਤ ਰੋਜ ਹੋ ਰਹੀਆਂ ਹਨ।ਸਬੂਤ ਮਿਟਾ ਦੇਣ ਲਈ ਇਨ੍ਹਾਂ ਹਵਸੀ ਦਰਿੰਦਿਆਂ ਵੱਲੋਂ ਪੀੜਤਾਵਾਂ ਦਾ ਕਤਲ ਤੱਕ ਵੀ ਕਰ ਦਿੱਤਾ ਜਾਂਦਾ ਹੈ।

ਜਬਰ ਜਿਨਾਹ ਆਮ ਦੇਖਣ ਅਤੇ ਪੜਨ ਵਿੱਚ ਇੱਕ ਆਮ ਸ਼ਬਦਾ ਵਰਗਾ ਅੱਖਰ ਜੋੜ ਹੀ ਹੈ ਪਰ ਇਸ ਸ਼ਬਦ ਦੀ ਭਿਆਨਕਤਾ ਦਾ ਅੰਦਾਜ਼ਾ ਉਸ ਨੂੰ ਹੀ ਹੋ ਸਕਦਾ ਹੈ ਜਿਸਦੇ ਨਾਲ ਇਹ ਦਿਲ ਦਹਿਲਾਉਣ ਵਾਲੀ ਜਬਰ ਜਿਨਾਹ ਦੀ ਘਟਨਾ ਵਾਪਰਦੀ ਹੈ। ਇਹ ਜੁਰਮ ਤਾਂ ਕਤਲ ਦੇ ਨਾਲੋਂ ਵੀ ਵੱਡਾ ਜੁਰਮ ਹੈ ਕਿਉਂਕਿ ਇਹ ਘਟਨਾ ਇੱਕ ਅਜਿਹਾ ਜ਼ਖਮ ਦੇ ਜਾਂਦੀ ਹੈ ਜਿਸਦੇ ਕਾਰਨ ਜਬਰ ਜਿਨਾਹ ਦਾ ਸ਼ਿਕਾਰ ਕੁੜੀ / ਔਰਤ ਪੂਰੀ ਜਿੰਦਗੀ ਇਸ ਸੰਤਾਪ ਨੂੰ ਮਾਨਸਿਕ ਰੂਪ ਵਿੱਚ ਮਹਿਸੂਸ ਕਰਦੀ ਹੋਈ ਹਰ ਰੋਜ਼ ਮਰਦੀ ਹੈ। ਕਤਲ ਨਾਲ ਤਾਂ ਸਿਰਫ ਇੱਕ ਵਾਰ ਹੀ ਮੌਤ ਆਉਂਦੀ ਹੈ ਪਰੰਤੂ ਜਬਰ ਜਿਨਾਹ ਨਾਲ ਤਾਂ ਜਬਰ ਜਿਨਾਹ ਦੀਆਂ ਸ਼ਿਕਾਰ ਬੱਚੀਆਂ ਜਾਂ ਔਰਤਾਂ ਹਰ ਰੋਜ ਮਰਨ ਲਈ ਮਜਬੂਰ ਹੁੰਦੀਆਂ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਜਬਰ ਜਿਨਾਹ ਦੇ 68ਗ ਕੇਸ ਰਜਿਸਟਰ ਹੀ ਨਹੀਂ ਕਰਾਏ ਜਾਂਦੇ ਤੇ 98% ਮੁਲਜ਼ਮ ਇਸ ਤਰਾਂ ਦੇ ਹੁੰਦੇ ਹਨ ਜਿਹੜੇ ਇੱਕ ਦਿਨ ਵੀ ਜੇਲ 'ਚ ਨਹੀਂ ਬਿਤਾਉਂਦੇ। ਜੋ ਕਿ ਸਾਡੀ ਨਾਕਸ ਹੋ ਚੁੱਕੀ ਨਿਆਇਕ ਪ੍ਰਣਾਲੀ ਦਾ ਸਪਸ਼ਟ ਪ੍ਰਮਾਣ ਹੈ। ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 94% ਮੁਲਜ਼ਮ ਪੀੜਤਾਵਾਂ ਦੇ ਨਜਦੀਕੀ ਜਾਣ ਪਹਿਚਾਣ ਦੇ ਹੁੰਦੇ ਹਨ।

ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਪਿਛਲੇ ਕੁਝ ਸਾਲਾਂ ਦੇ ਅੰਕੜਿਆਂ ਨੂੰ ਦੇਖਣ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਜਬਰ ਜਿਨਾਹ ਦੀਆਂ ਘਟਨਾਵਾਂ ਘਟਣ ਦੀ ਬਜਾਏ ਦਿਨ-ਬ-ਦਿਨ ਵੱਧਦੀਆਂ ਜਾ ਰਹੀਆਂ ਹਨ। ਇਸ ਦਾ ਸਪਸ਼ਟ ਭਾਵ ਹੈ ਕਿ ਸਾਡੀ ਵਿੱਦਿਅਕ, ਸਮਾਜਿਕ, ਨਿਆਇਕ, ਰਾਜਨੀਤਿਕ ਅਤੇ ਆਰਥਿਕ ਪ੍ਰਣਾਲੀ ਵਿੱਚ ਜੋ ਕਮੀਆਂ ਹਨ ਉਹਨਾਂ ਨੂੰ ਦੂਰ ਕੀਤੇ ਬਿਨਾਂ ਇਸ ਨੂੰ ਘਟਾਇਆ ਨਹੀ ਜਾ ਸਕਦਾ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਜਬਰ ਜਿਨਾਹ ਇੱਕ ਕਾਨੂੰਨੀ ਜੁਰਮ ਹੀ ਨਹੀਂ ਸਗੋਂ ਮਾਨਸਿਕ ਬੀਮਾਰੀ ਵੀ ਹੈ। ਭਾਵੇਂ ਕਿ ਇਸ ਅਪਰਾਧ ਨਾਲ ਨਿਪਟਣ ਲਈ ਪਹਿਲਾਂ ਵੀ ਕਾਨੂੰਨ ਮੌਜੂਦ ਸੀ, ਅਤੇ ਹੋਰ ਸਖਤ ਕਾਨੂੰਨ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਨੇ ਨਵਾਂ ਕਨੂੰਨ ਬਣਾ ਦਿੱਤਾ ਹੈ। ਇਸ ਕਾਨੂੰਨ ਰਾਹੀ ਜਬਰ ਜਿਨਾਹ ਦੇ ਦੋਸ਼ੀਆਂ ਲਈ ਸਖਤ



ਸਜ਼ਾਵਾ ਦੀ ਵਿਵਸਥਾ ਕੀਤੀ ਗਈ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸਖਤ ਕਨੂੰਨ ਬਣਾਉਣ ਦੇ ਨਾਲ ਜਬਰ ਜਿਨਾਹ ਦੀਆਂ ਘਟਨਾਵਾਂ ਰੁੱਕ ਗਈਆਂ ਹਨ ? ਕੀ ਸਖਤ ਕਨੂੰਨ ਬਣਾ ਕੇ ਜੱਗ ਜਨਨੀ ਦੀ ਇੱਜਤ ਅਤੇ ਪਵਿੱਤਰਤਾ ਦੀ ਰੱਖਿਆ ਕੀਤੀ ਜਾ ਸਕੇਗੀ ?

ਹੋ ਸਕਦਾ ਹੈ ਕਿ ਮੈ ਗਲਤ ਹੋਵਾਂ, ਪਰ ਮੈਨੂੰ ਇਨ੍ਹਾ ਸਵਾਲਾਂ ਦਾ ਉੱਤਰ ਨਾ ਵਿਚ ਲਗਦਾ ਹੈ। ਸਗੋਂ ਇਸ ਤਰਾਂ ਲੱਗਦਾ ਹੈ ਕਿ ਕੇਵਲ ਸਖਤ ਕਨੂੰਨ ਬਣਾ ਕਿ ਅਸੀਂ ਇਸ ਨਾਮੁਰਾਦ ਮਾਨਸਿਕ ਬੀਮਾਰੀ ਨਾਲ ਨਹੀਂ ਨਿਪਟ ਸਕਦੇ। ਇਸ ਨਾਲ ਨਿਪਟਣ ਲਈ ਜਰੂਰੀ ਹੈ ਕਿ ਸਖਤ ਸਜਾਵਾਂ, ਮੁਜਰਿਮਾਂ ਦਾ ਸਮਾਜਿਕ ਬਾਈਕਾਟ ਕਰਨ ਦੇ ਨਾਲ-ਨਾਲ ਇਸਦੇ ਕਾਰਨਾ ਨੂੰ ਜਾਣ ਕੇ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰੀਏ, ਜਿਨਾਂ ਦੇ ਕਾਰਨ ਮਨੁੱਖ ਆਪਣੇ ਮਨੁੱਖੀ ਰੂਪ ਨੂੰ ਭੁੱਲ ਕੇ ਪਸ਼ੂ ਬਣ ਜਾਂਦਾ ਹੈ। ਇਸਦੀ ਚਰਚਾ ਕੁਝ ਇਸ ਤਰਾਂ ਕੀਤੀ ਜਾ ਸਕਦੀ ਹੈ।

ਜਬਰ ਜਿਨਾਹ ਦਾ ਸਭ ਤੋਂ ਵੱਡਾ ਕਾਰਨ ਹੁੰਦਾਂ ਹੈ, ਮਨੁੱਖ ਦੀ ਮਾਨਸਿਕ ਉਤੇਜਨਾ। ਅੱਜ ਸਾਡੇ ਦੇਸ਼ ਵਿਚ ਕੇਵਲ ਨੈਟਵਰਕ, ਡਿਸ਼ ਟੀ.ਵੀ. ਆਦਿ ਦੇ ਰਾਹੀ ਪੱਛਮੀ ਚੈਨਲਾਂ ਦੁਆਰਾ ਅਸ਼ਲੀਲਤਾ, ਨੰਗੇਜ ਆਮ ਦਿਖਾਇਆ ਜਾ ਰਿਹਾ ਹੈ। ਇਨ੍ਹਾ ਚੈਨਲਾਂ ਦੁਆਰਾ ਪਰੋਸੀ ਅਸ਼ਲੀਲਤਾ ਅਤੇ ਨੰਗੇਜ ਦੇਖਣ ਦੇ ਬਾਅਦ ਮਨੁੱਖ ਉਤੇਜਿਤ ਹੋ ਕਿ ਅੰਨਾ ਹੋ ਜਾਂਦਾ ਹੈ, ਵਿਅਕਤੀ ਨੂੰ ਚੰਗੇ-ਬੁਰੇ, ਧਰਮ-ਅਧਰਮ, ਪਾਪ-ਪੁੰਨ ਆਦਿ ਦਾ ਫਰਕ ਪਤਾ ਨਹੀ ਚਲਦਾ, ਤੇ ਇਸ ਤਰਾਂ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਜਦੋਂ ਮਨੁੱਖ ਨੂੰ ਗੁਨਾਹ ਦਾ ਅਹਿਸਾਸ ਹੁੰਦਾਂ ਹੈ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ, ਤੇ ਉਹ ਪਛਤਾਉਣ ਤੋਂ ਬਿਨਾਂ ਕੁਝ ਵੀ ਨਹੀ ਕਰ ਸਕਦਾ। ਇਸ ਤਰਾਂ ਦੇ ਗੁਨਾਹ ਦੇ ਅਹਿਸਾਸ ਕਾਰਨ ਹੀ ਸ਼ਾਇਦ ਦਿੱਲੀ ਜਬਰ ਜਿਨਾਹ ਦੇ ਮੁੱਖ ਦੋਸ਼ੀ ਰਾਮ ਸਿੰਘ ਨੇ ਆਪਣੇ ਆਪ ਨੂੰ ਫਾਹਾ ਲਾ ਕੇ ਖੁਦਕੁਸ਼ੀ ਕੀਤੀ ਸੀ। ਪੱਛਮੀ ਚੈਨਲਾਂ ਦੀ ਗੱਲ ਨੂੰ ਛੱਡ ਕੇ ਜੇਕਰ ਅਸੀਂ ਆਪਣੇ ਦੇਸ਼ ਦੇ ਚੈਨਲਾਂ ਦੀ ਗੱਲ ਕਰੀਏ ਤਾਂ ਅਸੀਂ ਨਿਰਸੰਕੋਚ ਕਹਿ ਸਕਦੇ ਹਾਂ ਕਿ ਸਾਡੇ ਆਪਣੇ ਦੇਸ਼ ਦੀਆਂ ਕੁਝ ਫਿਲਮਾਂ ਅਤੇ ਗਾਣੇ ਪੱਛਮੀ ਚੈਨਲਾਂ ਦੀ ਅਸ਼ਲੀਲਤਾ ਅਤੇ ਨੰਗੇਜ ਤੋਂ ਕਿਸੇ ਵੀ ਤਰਾਂ ਪਿੱਛੇ ਨਹੀ ਹਨ। ਇੱਥੇ ਇਹ ਕਹਿਣਾ ਵੀ ਉਚਿਤ ਹੋਵੇਗਾ ਕਿ ਜਬਰ ਜਿਨਾਹ ਦੀਆਂ ਘਟਨਾਵਾਂ ਦੇ ਤਰੀਕੇ, ਬੈਂਕਾਂ ਨੂੰ ਲੁੱਟਣ ਦੇ ਢੰਗ ਆਦਿ ਅਕਸਰ ਕਿਸੇ ਬਾਲੀਵੁੱਡ ਦੀ ਫਿਲਮ ਦੇ ਦ੍ਰਿਸ਼ ਦੀ ਤਰਾਂ ਹੀ ਹੁੰਦੇ ਹਨ।

ਦੇਸ਼ ਦੇ ਵਿਚ ਦਿਨ-ਬ-ਦਿਨ ਵੱਧ ਰਹੀ ਨਸ਼ਿਆਂ ਦੀ ਵਰਤੋਂ ਵੀ ਜਬਰ ਜਿਨਾਹ ਦੀਆਂ ਘਟਨਾਵਾਂ ਲਈ ਇਕ ਵੱਡਾ ਜਿੰਮੇਵਾਰ ਕਾਰਨ ਬਣਦਾ ਨਜ਼ਰ ਆ ਰਿਹਾ ਹੈ। ਸਾਡੇ ਦੇਸ਼ ਵਿਚ ਅੱਜ ਹਰੇਕ ਤਰਾਂ ਦੇ ਨਸ਼ਿਆਂ ਦਾ ਹੜ ਆ ਗਿਆ ਜਾਪਦਾ ਹੈ। ਦੇਸ਼ ਦੀ ਕੇਂਦਰੀ ਅਤੇ ਰਾਜ ਸਰਕਾਰਾਂ ਟੈਕਸ ਦੇ ਰੂਪ ਵਿਚ ਧੰਨ ਇੱਕਠਾ ਕਰਨ ਅਤੇ ਵੋਟ ਰਾਜਨੀਤੀ ਦੀ ਮਜਬੂਰੀ ਕਾਰਨ ਇਨ੍ਹਾਂ ਨਸ਼ਿਆਂ ਨੂੰ ਰੋਕਣ ਲਈ ਪੂਰੀ ਸੁਹਿਰਦਤਾ ਨਹੀ ਦਿਖਾਉਂਦੀਆਂ। ਵੱਖ-ਵੱਖ ਛੋਟੇ-ਵੱਡੇ ਅਪਰਾਧ ਅਤੇ ਅਪਰਾਧੀਆਂ ਤੇ ਕੀਤੇ ਗਏ ਅਧਿਐਨਾਂ ਤੋਂ ਪਤਾ ਚਲਦਾ ਹੈ ਕਿ ਜਿਆਦਾਤਰ ਅਪਰਾਧ ਕਰਨ ਸਮੇਂ ਅਪਰਾਧੀ ਨਸ਼ੇ ਦੀ ਹਾਲਤ ਵਿਚ ਹੁੰਦੇ ਹਨ। ਨਸ਼ੇ ਦੀ ਹਾਲਤ ਵਿਚ ਮਨੁੱਖ ਪਾਗਲ ਦੇ ਸਮਾਨ ਹੁੰਦਾਂ ਹੈ ਜਿਸ ਨੂੰ ਕਿ ਪਤਾ ਹੀ ਨਹੀ ਚਲਦਾ ਕਿ ਉਹ ਕੀ ਕਰ ਰਿਹਾ ਹੈ।

ਕੱਪੜੇ ਤਨ ਦਾ ਸਿੰਗਾਰ ਹੁੰਦੇ ਹਨ, ਪਰ ਅੱਜ ਭਾਰਤ ਦੀ ਨੌਜਵਾਨ ਪੀੜੀ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਇਸ ਤਰਾਂ ਦਾ ਪਹਿਰਾਵਾ ਪਹਿਨਣ ਲੱਗ ਪਈ ਹੈ ਜਿਸ ਵਿਚ ਸਰੀਰ ਦੇ ਅੰਗਾਂ ਦੀ ਬਣਾਵਟ ਸਪੱਸ਼ਟ ਰੂਪ ਵਿਚ ਨਜਰ ਆਉਂਦੀ ਹੈ। ਇਸ ਤਰਾਂ ਦਾ ਪਹਿਰਾਵਾ ਵਿਰੋਧੀ ਲਿੰਗ ਲਈ ਉਤੇਜਨਾ ਦਾ ਜ਼ਰੀਆ ਬਣਦਾ ਹੈ। ਇਹ ਕਿਸ ਤਰਾਂ ਦੀ ਮਾਡਰਨਾਈਜ਼ੇਸ਼ਨ ਹੈ ? ਜੋ ਕਿ ਆਪਣੀ ਸੱਭਿਅਤਾ ਨੂੰ ਭੁੱਲ ਕੇ ਆਪਣੇ ਹੀ ਸਰੀਰ ਦੇ ਅੰਗਾਂ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਵਿਹਲਾ ਮਨ ਸ਼ੈਤਾਨ ਦਾ ਘਰ। ਇਹ ਕਹਾਵਤ ਭਾਰਤ ਦੇ ਮਾਹੌਲ ਤੇ ਬਿਲਕੁਲ ਫਿੱਟ ਹੋ ਰਹੀ ਹੈ। ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਬੇਰੁਜ਼ਗਾਰੀ ਬੜਾ ਉਗਰ ਰੂਪ ਧਾਰਨ ਕਰ ਚੁੱਕੀ ਹੈ। ਇਨ੍ਹਾ ਬੇਰੁਜ਼ਗਾਰ ਨੌਜਵਾਨਾਂ ਦੁਆਰਾ ਹੀ ਦੇਸ਼ ਦੇ ਵੱਖ-ਵੱਖ ਹਿੱਸਿਆ ਵਿਚ ਅਨੇਕਾਂ ਜ਼ੁਰਮ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ। ਇਹ ਇਕ ਸੱਚਾਈ ਹੈ ਕਿ ਕੰਮ ਕਰਨ ਵਾਲੇ ਮਨੁੱਖ ਕੋਲ ਇੰਨਾਂ ਸਮਾਂ ਹੀ ਨਹੀ ਹੁੰਦਾਂ ਕਿ ਉਹ ਇਸ ਤਰਾਂ ਦੀਆਂ ਘਟਨਾਵਾਂ ਨੂੰ ਸਿਰੇ ਚਾੜਣ ਬਾਰੇ ਸੋਚ ਸਕੇ। ਨਸ਼ਿਆਂ ਦੀ ਲੱਤ ਦਾ ਸ਼ਿਕਾਰ ਵੀ ਜਿਆਦਾ ਕਰਕੇ ਇਹ ਬੇਰੁਜ਼ਗਾਰ ਹੀ ਹੁੰਦੇ ਹਨ।



ਮੁਹੰਮਦ ਬਸ਼ੀਰ
91-94171-58300

ਕਦਰਾਂ ਕੀਮਤਾਂ ਦਾ ਦਿਨ-ਬ-ਦਿਨ ਪਤਨ ਸਾਡੇ ਭਾਰਤੀ ਸਮਾਜ ਦੀ ਬਹੁਤ ਵੱਡੀ ਤਰਾਸਦੀ ਹੈ। ਸਾਡੀ ਅੱਜ ਦੀ ਪੀੜੀ ਭਾਰਤੀ ਸਮਾਜ ਦੀਆਂ ਕਦਰਾਂ ਕੀਮਤਾਂ ਅਤੇ ਸੰਸਕ੍ਰਿਤੀ ਦੇ ਪੱਖੋਂ ਬਿਲਕੁਲ ਕੋਰੀ ਜਾਪਦੀ ਹੈ। ਸਾਡੀ ਅਮੀਰ ਸੰਸਕ੍ਰਿਤੀ ਵਿਚ ਔਰਤ ਨੂੰ ਮਾਂ, ਭੈਣ, ਪੁੱਤਰੀ, ਪਤਨੀ ਆਦਿ ਦੇ ਰੂਪ ਵਿਚ ਸਨਮਾਨ ਦਿੱਤਾ ਜਾਂਦਾ ਰਿਹਾ ਹੈ, ਪਰ ਅੱਜ ਪਦਾਰਥਵਾਦ, ਨਿੱਜਵਾਦ, ਪੱਛਮੀ ਸੱਭਿਅਤਾ ਦੇ ਪ੍ਰਭਾਵ ਆਦਿ ਦੇ ਕਾਰਨ ਔਰਤ ਨੇ ਆਪਣੇ ਆਪ ਨੂੰ ਖੁਦ ਵੀ ਅਤੇ ਕੁਝ ਪੈਸਾ ਕਮਾਉਣ ਦੀ ਲਾਲਸਾ ਰੱਖਣ ਵਾਲੇ ਮਨੁੱਖਾਂ ਨੇ ਵੀ ਔਰਤ ਨੂੰ ਇਕ ਨੁਮਾਇਸ਼ ਦੀ ਚੀਜ ਬਣਾ ਕਿ ਰੱਖ ਦਿੱਤਾ ਹੈ। ਫੈਸ਼ਨ ਸ਼ੋਆਂ ਦੇ ਰੂਪ ਵਿਚ ਅਤੇ ਵੱਖ-ਵੱਖ ਉਤਪਾਦਾਂ ਦੇ ਇਸ਼ਤਿਹਾਰ ਦਿੰਦੇ ਸਮੇਂ ਔਰਤ ਆਪਣੇ ਜਿਸਮ ਦੀ ਨੁਮਾਇਸ਼ ਕਰਦੀ ਹੋਈ ਸਰੇਆਮ ਟੀ.ਵੀ. ਚੈਨਲਾਂ ਤੇ ਦਿਖਾਈ ਦਿੰਦੀ ਹੈ। ਜਿਸ ਨੂੰ ਕਿਸੇ ਵੀ ਤਰਾਂ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਸ਼ਰਮ ਨੂੰ ਭਾਰਤੀ ਸੰਸਕ੍ਰਿਤੀ ਵਿਚ ਔਰਤ ਦਾ ਗਹਿਣਾ ਮੰਨਿਆ ਜਾਂਦਾ ਸੀ। ਇਹ ਗੁਣ ਅੱਜ ਦੀ ਔਰਤ ਤੋਂ ਕੋਹਾਂ ਦੂਰ ਹੈ। ਇਸ ਤਰਾਂ ਭਾਰਤ ਦੇ ਵਿਚੋਂ ਕਦਰਾਂ ਕੀਮਤਾਂ, ਭਾਰਤੀ ਰਸਮੋਂ ਰਿਵਾਜਾਂ, ਭਾਰਤੀ ਸੰਸਕ੍ਰਿਤੀ ਦਾ ਪਤਨ ਵੀ ਜਬਰ ਜਿਨਾਹ ਦੀਆਂ ਘਟਨਾਵਾਂ ਆਦਿ ਦਾ ਇਕ ਮਹੱਤਵਪੂਰਨ ਕਾਰਨ ਬਣਦਾ ਨਜ਼ਰ ਆ ਰਿਹਾ ਹੈ।

ਇਸ ਲਈ ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਜਬਰ ਜਿਨਾਹ ਜੈਸੇ ਘਿਨਾਉਣੇ ਅਪਰਾਧ ਲਈ ਜਿੰਨ੍ਹੀ ਜਰੂਰਤ ਸਖਤ ਕਾਨੂੰਨ ਬਨਾਉਣ ਦੀ ਹੈ, ਉਸ ਨਾਲੋਂ ਜਿਆਦਾ ਲੋੜ ਇਸਦੇ ਕਾਰਨਾਂ ਨੂੰ ਦੂਰ ਕਰਨ ਦੀ, ਲੋਕਾਂ ਦੀ ਮਾਨਸਿਕਤਾ ਬਦਲਣ ਦੀ ਹੈ। ਇਸ ਨਾਮੁਰਾਦ ਬੀਮਾਰੀ ਨੂੰ ਖਤਮ ਕਰਨ ਲਈ ਸਾਨੂੰ ਸਮਾਜਿਕ, ਵਿਦਿਅਕ, ਆਰਥਿਕ, ਰਾਜਨੀਤਿਕ, ਨਿਆਇਕ, ਸੱਭਿਆਚਾਰਕ ਆਦਿ ਪੱਖਾਂ ਤੋਂ ਸਾਂਝੇ ਰੂਪ 'ਚ ਸੁਧਾਰ ਕਰਨ ਦੀ ਲੋੜ ਹੈ। ਜਿਸ ਤਰਾਂ ਚੀਨ ਵਰਗੇ ਸਮਾਜਵਾਦੀ ਦੇਸ਼ ਨੇ ਪੱਛਮੀ ਅਸ਼ਲੀਲ ਚੈਨਲਾਂ, ਇੰਟਰਨੈਟ ਦੀਆਂ ਅਸ਼ਲੀਲ ਸਾਈਟਾਂ ਤੇ ਪਾਬੰਦੀ ਲਗਾਈ ਹੋਈ ਹੈ। ਸਾਡੇ ਦੇਸ਼ ਦੀ ਸਰਕਾਰ ਦੁਆਰਾ ਵੀ ਦੇਸ਼ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਤਰਾਂ ਦੇ ਕਦਮ ਚੁੱਕਣੇ ਚਾਹੀਦੇ ਹਨ ਅਤੇ ਦੇਸ਼ ਵਿਚ ਬਣਣ ਵਾਲੀਆਂ ਫਿਲਮਾਂ ਅਤੇ ਗਾਣਿਆਂ ਨੂੰ ਵੀ ਇਸਦੇ ਘੇਰੇ ਵਿਚ ਲੈ ਕੇ ਆਉਣਾ ਚਾਹੀਦਾ ਹੈ। ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਸਮੱਸਿਆ ਦਾ ਉਚਿਤ ਹੱਲ ਲੱਭ ਕਿ ਹੀ ਅਸੀਂ ਇਸ ਸਮੱਸਿਆ ਨਾਲ ਨਜਿਠਣ ਲਈ ਤਿਆਰ ਹੋ ਸਕਦੇ ਹਾਂ। ਇਸਦੇ ਨਾਲ ਦੇਸ਼ ਦੀਆਂ ਔਰਤਾਂ ਨੂੰ ਵੀ ਪੱਛਮੀ ਸੱਭਿਅਤਾ ਦੇ ਚਮਕੀਲੇ ਬੁਰੇ ਪ੍ਰਭਾਵਾਂ ਨੂੰ ਤਿਆਗਦੇ ਹੋਏ ਆਪਣੇ ਪਹਿਰਾਵੇ ਨੂੰ ਭਾਰਤੀ ਸੱਭਿਅਤਾ ਦੇ ਅਨੁਸਾਰ ਕਰਨਾ ਪਵੇਗਾ। ਇਸਦੇ ਨਾਲ ਦੇਸ਼ ਦੀ ਸਰਕਾਰ ਨੂੰ ਇਸ ਦੇ ਲਈ ਵੀ ਉਚਿਤ ਵਿਵਸਥਾਵਾਂ ਕਰਨੀਆਂ ਪੈਣਗੀਆਂ ਕਿ ਬਣਾਏ ਗਏ ਜਬਰ ਜਿਨਾਹ ਵਿਰੋਧੀ ਸਖਤ ਕਾਨੂੰਨ ਦੀ ਵੀ ਦਾਜ ਵਿਰੋਧੀ ਕਾਨੂੰਨ ਦੀ ਤਰ੍ਹਾਂ ਔਰਤਾਂ ਦੁਆਰਾ ਗਲਤ ਵਰਤੋਂ ਨਾ ਕੀਤੀ ਜਾ ਸਕੇ।

# ਪਰਵਾਸੀ ਪੰਜਾਬੀ, ਬੇਵਿਸ਼ਵਾਸੀ ਅਤੇ ਸਰਕਾਰੀ ਪਹਿਲਕਦਮੀ



ਗੁਰਮੀਤ ਪਲਾਹੀ
91-98158-02070

**ਪ੍ਰਵਾਸੀ ਪੰਜਾਬੀਆਂ ਦੀਆਂ ਵੱਡੀਆਂ ਸਮੱਸਿਆਵਾਂ ਪ੍ਰਤੀ ਸਰਕਾਰਾਂ ਦੇ ਅਵੇਸਲੇਪਨ ਨੇ ਪ੍ਰਵਾਸੀਆਂ ਨੂੰ ਸਦਾ ਪ੍ਰੇਸ਼ਾਨ ਕੀਤਾ ਹੈ। ਉਹਨਾ ਦੀਆਂ ਜਾਇਦਾਦਾਂ ਪੰਜਾਬ 'ਚ ਸੁਰੱਖਿਅਤ ਨਹੀਂ। ਬਹੁਤੇ ਰਿਸ਼ਤੇਦਾਰਾਂ, ਭੂ-ਮਾਫੀਏ ਨੇ ਸਰਕਾਰੀ ਪ੍ਰਸ਼ਾਸ਼ਨ ਨਾਲ ਰਲਕੇ ਪ੍ਰਵਾਸੀਆਂ ਦੀਆਂ ਜਾਇਦਾਦਾਂ ਹੀ ਨਹੀਂ ਹੜੱਪੀਆਂ, ਉਹਨਾ ਉਤੇ ਝੂਠੇ ਕੇਸ ਵੀ ਦਰਜ਼ ਕਰਵਾਏ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਸਮੇਂ-ਸਮੇਂ ਦੀਆਂ ਅਕਾਲੀ-ਭਾਜਪਾ ਜਾਂ ਕਾਂਗਰਸ ਸਰਕਾਰਾਂ ਨੇ ਨਵੇਂ ਕਨੂੰਨ ਬਣਾਏ। ਪ੍ਰਵਾਸੀ ਪੰਜਾਬੀਆਂ ਦੀ ਸੰਸਥਾ ਐਨ.ਆਰ.ਆਈ. ਸਭਾ ਜਲੰਧਰ ਦੀ ਸਥਾਪਨਾ ਕੀਤੀ। ਐਨ.ਆਰ.ਆਈ. ਥਾਣੇ ਬਣਾਏ ਗਏ।**

ਪ੍ਰਵਾਸ ਹੰਢਾ ਰਹੇ ਪੰਜਾਬੀਆਂ ਨੇ ਆਪਣੇ ਪਿਛਲੇ ਪਿੰਡਾਂ, ਸ਼ਹਿਰਾਂ 'ਚ ਵਸਦੇ ਪੰਜਾਬੀਆਂ ਦੇ ਭਲੇ ਹਿੱਤ ਸਮੇਂ-ਸਮੇਂ 'ਤੇ ਬਹੁਤ ਸਾਰੇ ਭਲਾਈ ਦੇ ਕਾਰਜ ਆਰੰਭੇ ਅਤੇ ਬਹੁਤੀ ਵੇਰ ਸਰਕਾਰਾਂ ਦੀ ਸਹਾਇਤਾ ਤੋਂ ਬਿਨ੍ਹਾਂ ਇਹੋ ਜਿਹੇ ਕਾਰਜ ਕੀਤੇ ਜਿਹਨਾਂ ਦੀ ਮਿਸਾਲ ਦਿੱਤਿਆਂ ਹੀ ਬਣਦੀ ਹੈ। ਪਿੰਡਾਂ 'ਚ ਅੰਡਰ ਗਰਾਊਂਡ ਸੀਵਰੇਜ ਸਿਸਟਮ ਦੀ ਉਸਾਰੀ ਉਹਨਾਂ ਵਿਚੋਂ ਇਹੋ ਜਿਹਾ ਕਾਰਜ ਹੈ, ਜਿਸਨੂੰ ਸਰਕਾਰ ਪਿੰਡਾਂ 'ਚ ਲਾਗੂ ਨਹੀਂ ਸਨ ਕਰਨਾ ਚਾਹੁੰਦੀ ਪਰ ਪ੍ਰਵਾਸੀ ਪੰਜਾਬੀਆਂ ਨੇ ਪਹਿਲੋ-ਪਹਿਲ ਇਹ ਬੀੜਾ ਚੁੱਕਿਆ ਅਤੇ ਪੰਜਾਬ ਸਰਕਾਰ ਨੂੰ ਮਜਬੂਰ ਕਰ ਦਿੱਤਾ ਕਿ ਉਹ ਇਸ ਕਾਰਜ ਲਈ ਮੈਚਿੰਗ ਗ੍ਰਾਂਟ ਦੇਵੇ, ਜਿਹੜੀ ਕਿ ਬਾਅਦ ਵਿੱਚ ਵੀ ਪੰਜਾਬ ਵਿੱਚ ਲੰਮਾ ਸਮਾਂ ਚਲਦੀ ਰਹੀ। ਪ੍ਰਵਾਸੀ ਪੰਜਾਬੀਆਂ ਦੀ ਸਹਾਇਤਾ ਨਾਲ ਕਈ ਪਿੰਡਾਂ 'ਚ ਅੰਡਰ ਗਰਾਊਂਡ ਸੀਵਰੇਜ ਸਿਸਟਮ ਹੀ ਚਾਲੂ ਨਾ ਹੋਏ, ਸਗੋਂ ਖੇਡ ਸਟੇਡੀਅਮ, ਕੰਕਰੀਟ ਬਲਾਕ ਲਗਾਉਣ, ਇਮਾਰਤਾਂ ਦੀ ਉਸ-ਾਰੀ ਦੇ ਨਾਲ-ਨਾਲ ਪਿੰਡਾਂ 'ਚ ਹਸਪਤਾਲ, ਡਿਸਪੈਂਸਰੀਆਂ ਵੀ ਖੋਲ੍ਹੀਆਂ ਜਿਥੇ ਬਹੁਤੀਆਂ ਹਾਲਤਾਂ 'ਚ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਰਹੀਆਂ ਜਾਂ ਹੁਣ ਵੀ ਰਿਆਇਤੀ ਦਰਾਂ ਤੇ ਦਿੱਤੀਆਂ ਜਾ ਰਹੀਆਂ ਹਨ। ਪਿੰਡਾਂ 'ਚ ਪ੍ਰਵਾਸੀ ਵੀਰਾਂ ਵਲੋਂ ਟੂਰਨਾਮੈਂਟ ਕਰਾਉਣ, ਧਾਰਮਿਕ ਸਥਾਨਾਂ ਦੀ ਉਸਾਰੀ ਅਤੇ ਸਿਲਾਈ ਸੈਂਟਰ ਖੋਹਲਕੇ ਲੜਕੀਆਂ ਨੂੰ ਟਰੇਨਿੰਗ ਦੇ ਕੇ ਸਿਲਾਈ ਮਸ਼ੀਨਾਂ ਦੇਣੀਆਂ ਅਤੇ ਕਈ ਥਾਂਵਾਂ ਤੇ ਲੋੜਵੰਦ ਬਜ਼ੁਰਗਾਂ ਅਤੇ ਲੋੜਵੰਦ ਔਰਤਾਂ ਨੂੰ ਪੈਨਸ਼ਨਾਂ ਆਦਿ ਦੇਣੀਆਂ ਜਿਹੇ ਕੰਮ ਵੀ ਕੀਤੇ ਗਏ।

ਪ੍ਰਵਾਸੀ ਵੀਰਾਂ ਦੇ ਮਨ ਦੀ ਭਾਵਨਾ ਤਾਂ ਮੁੱਖ ਰੂਪ ਵਿੱਚ ਇਹ ਸੀ ਕਿ ਉਹਨਾਂ ਬਾਹਰਲੇ ਮੁਲਕਾਂ 'ਚ ਜਾ ਕੇ ਆਪਣੀ ਜ਼ਿੰਦਗੀ ਵਸਰ ਕਰਨ ਲਈ ਜੋ ਸੁੱਖ ਸਹੂਲਤਾਂ ਮਾਣੀਆਂ ਹਨ, ਜਾਂ ਮਾਣ ਰਹੇ ਹਨ, ਉਹੋ ਜਿਹੀਆਂ ਸਹੂਲਤਾਂ ਉਹ ਆਪਣੇ ਪੰਜਾਬ ਵਿੱਚ ਵੀ ਪਿੱਛੇ ਰਹਿ ਰਹੇ ਲੋਕਾਂ ਨੂੰ ਦੇਣ। ਇਸੇ ਮੰਤਵ ਨਾਲ ਉਹਨਾਂ ਵਿੱਚੋਂ ਬਹੁਤੇ ਲੋਕਾਂ ਨੇ ਆਪਣੀ ਕ੍ਰਿਤ ਕਮਾਈ 'ਚੋਂ ਹਿੱਸਾ ਕੱਢਦਿਆਂ ਆਪਣੇ ਪਿੰਡਾਂ ਦੀ ਨੁਹਾਰ ਬਦਲਣ ਦਾ ਉਪਰਾਲਾ ਕੀਤਾ।

ਪ੍ਰਵਾਸ ਹੰਢਾਉਂਦਿਆਂ ਪ੍ਰਵਾਸੀ ਪੰਜਾਬੀਆਂ ਨੇ ਵੱਡਾ ਸੰਘਰਸ਼ ਕੀਤਾ, ਕਿਉਂਕਿ ਉਹਨਾਂ ਨੂੰ ਮਿਹਨਤ ਕਰਨ ਦੇ ਮੌਕੇ ਮਿਲੇ ਅਤੇ ਮਿਹਨਤ ਦਾ ਫਲ ਵੀ ਮਿਲਿਆ। ਸਿੱਟੇ ਵਜੋਂ ਦਹਾਕਿਆਂ ਦੀ ਮੁਸ਼ੱਕਤ ਸਦਕਾ ਉਹਨਾਂ ਵਿੱਚੋਂ ਕੁਝ ਇੱਕ ਨੇ ਆਪੋ-ਆਪਣੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ। ਵਿਦੇਸ਼ਾਂ ਦੀ ਧਰਤੀ 'ਤੇ ਵੱਡੀਆਂ ਜਾਇਦਾਦਾਂ, ਫਾਰਮ ਹਾਊਸ, ਫੈਕਟਰੀਆਂ, ਪੈਟਰੋਲ ਪੰਪ ਆਦਿ ਸਥਾਪਤ ਕੀਤੇ ਅਤੇ ਮਿਹਨਤ ਕਰਦਿਆਂ ਡਾਕਟਰੀ, ਇੰਜਨੀਅਰੀ, ਸਿਆਸਤ, ਪੱਤਰਕਾਰੀ ਦੇ ਖੇਤਰ 'ਚ ਵੱਡੀਆਂ ਮੱਲਾਂ ਮਾਰੀਆਂ। ਬਰਤਾਨੀਆ, ਕੈਨੇਡਾ 'ਚ ਤਾਂ ਪ੍ਰਵਾਸੀ ਪੰਜਾਬੀਆਂ ਨੇ ਵੱਡੇ-ਵੱਡੇ ਪ੍ਰਾਜੈਕਟ ਛੋਹੇ, ਉਹਨਾਂ 'ਤੇ ਕੰਮ ਕੀਤਾ, ਸਰਕਾਰੇ-ਦਰਬਾਰੇ ਨਾਮਣਾ ਖੱਟਿਆ। ਸਰਕਾਰਾਂ 'ਚ ਉੱਚ ਅਹੁਦਿਆਂ ਉੱਤੇ ਬੈਠੇ। ਪ੍ਰਸ਼ਾਸਨ 'ਚ ਭਾਗੀਦਾਰ ਬਣਕੇ ਪੰਜਾਬੀਆਂ ਦਾ ਸਿਰ ਉੱਚਾ ਕੀਤਾ। ਕੈਨੇਡਾ, ਬਰਤਾਨੀਆ ਦੇ ਨਾਲ-ਨਾਲ ਅਮਰੀਕਾ, ਨਿਊਜੀਲੈਂਡ, ਆਸਟ੍ਰੇਲੀਆ 'ਚ ਗਏ ਪੰਜਾਬੀਆਂ ਨੇ ਵੀ ਹਰ ਖੇਤਰ 'ਚ ਆਪਣਾ ਨਾਮ ਰੋਸ਼ਨ ਕੀਤਾ ਅਤੇ ਇਨ੍ਹਾਂ ਆਪਣੀ ਜ਼ਿੰਦਗੀ 'ਚ ਪ੍ਰਵਾਨ ਚੜ੍ਹੇ ਪ੍ਰਵਾਸੀ ਪੰਜਾਬੀਆਂ ਨੇ ਜਿਥੇ ਆਪਣੇ ਪਰਿਵਾਰਾਂ ਲਈ ਸੁੱਖ ਸੁਵਿਧਾਵਾਂ ਪੈਦਾ ਕਰਨ ਦਾ ਯਤਨ ਕੀਤਾ, ਉੱਤੇ ਪੰਜਾਬ ਜਾਂ ਦੇਸ਼ ਵਸਦੇ ਰਿਸ਼ਤੇਦਾਰਾਂ ਅਤੇ ਹੋਰ ਪੰਜਾਬੀਆਂ ਦੇ ਭਲੇ ਹਿੱਤ ਆਪਣੇ ਕਾਰੋਬਾਰ ਖੋਲ੍ਹ ਕੇ ਉਹਨਾਂ ਦੀ ਸਹਾਇਤਾ ਵੀ ਕਰਨੀ ਚਾਹੀ, ਜਿਹੜੀ ਕਿ ਬਹੁਤਾ ਇਸ ਕਰਕੇ ਸਫਲਤਾ ਹਾਸਲ ਨਾ ਕਰ ਸਕੀ ਕਿ ਸਰਕਾਰਾਂ ਵਲੋਂ ਅਤੇ ਸਰਕਾਰੀ ਮਸ਼ੀਨਰੀ ਵਲੋਂ ਉਹਨਾਂ ਦੇ ਕੰਮ ਵਿੱਚ ਅੜਿੱਕੇ ਡਾਹੇ ਜਾਂਦੇ ਰਹੇ। ਜਿਸ ਤੋਂ ਪ੍ਰਵਾਸੀ ਪਿਛਲੇ ਸਮੇਂ ਤੋਂ ਡਾਹਢੇ ਨਿਰਾਸ਼ ਦਿੱਖ ਰਹੇ ਹਨ।

ਪ੍ਰਵਾਸੀ ਪੰਜਾਬੀਆਂ ਦੀਆਂ ਵੱਡੀਆਂ ਸਮੱਸਿਆਵਾਂ ਪ੍ਰਤੀ ਸਰਕਾਰਾਂ ਦੇ ਅਵੇਸਲੇਪਨ ਨੇ ਪ੍ਰਵਾਸੀਆਂ ਨੂੰ ਸਦਾ ਪ੍ਰੇਸ਼ਾਨ ਕੀਤਾ ਹੈ। ਉਹਨਾਂ ਦੀਆਂ ਜਾਇਦਾਦਾਂ ਪੰਜਾਬ 'ਚ ਸੁਰੱਖਿਅਤ ਨਹੀਂ। ਬਹੁਤੇ ਰਿਸ਼ਤੇਦਾਰਾਂ, ਭੂ-ਮਾਫੀਏ ਨੇ ਸਰਕਾਰੀ ਪ੍ਰਸ਼ਾਸਨ ਨਾਲ ਰਲਕੇ ਪ੍ਰਵਾਸੀਆਂ ਦੀਆਂ ਜਾਇਦਾਦਾਂ ਹੀ ਨਹੀਂ ਹੜੱਪੀਆਂ, ਉਹਨਾਂ ਉੱਤੇ ਝੂਠੇ ਕੇਸ ਵੀ ਦਰਜ਼ ਕਰਵਾਏ।

ਇਹਨਾ ਸਮੱਸਿਆਵਾਂ ਦੇ ਹੱਲ ਲਈ ਸਮੇਂ-ਸਮੇਂ ਦੀਆਂ ਅਕਾਲੀ-ਭਾਜਪਾ ਜਾਂ ਕਾਂਗਰਸ ਸਰਕਾਰਾਂ ਨੇ ਨਵੇਂ ਕਨੂੰਨ ਬਣਾਏ। ਪ੍ਰਵਾਸੀ ਪੰਜਾਬੀਆਂ ਦੀ ਸੰਸਥਾ ਐਨ.ਆਰ.ਆਈ. ਸਭਾ ਜਲੰਧਰ ਦੀ ਸਥਾਪਨਾ ਕੀਤੀ। ਐਨ.ਆਰ.ਆਈ. ਥਾਣੇ ਬਣਾਏ ਗਏ। ਐਨ.ਆਰ.ਆਈ. ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਹਰ ਵਰ੍ਹੇ ਪ੍ਰਵਾਸੀ ਪੰਜਾਬੀਆਂ ਦੀਆਂ ਬਹੁਤੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਖੜੀਆਂ ਹਨ। ਸੈਂਕੜਿਆਂ ਦੀ ਗਿਣਤੀ 'ਚ ਜ਼ਮੀਨ, ਜਾਇਦਾਦ ਦੇ ਕੇਸ ਅਦਾਲਤਾਂ ਵਿੱਚ ਹਨ। ਬਹੁਤੇ ਪ੍ਰਵਾਸੀਆਂ ਦੀਆਂ ਹਿੱਸੇ ਆਉਂਦੀਆਂ ਦੁਕਾਨਾਂ, ਮਕਾਨ, ਜਾਇਦਾਦਾਂ ਉੱਤੇ ਕਬਜੇ ਉਹਨਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ।

ਹੈਰਾਨੀ, ਪ੍ਰੇਸ਼ਾਨੀ ਦੀ ਗੱਲ ਤਾਂ ਇਹ ਹੈ ਕਿ ਉਹ ਪ੍ਰਵਾਸੀ , ਜਿਹਨਾਂ ਨੇ ਪੰਜਾਬ ਰਹਿੰਦੇ ਪੰਜਾਬੀਆਂ ਦੀ ਬਾਂਹ ਫੜੀ, ਉਹਨਾਂ ਦੀ ਸਹਾਇਤਾ ਕੀਤੀ, ਉਹਨਾਂ ਦੇ ਔਖੇ ਵੇਲੇ ਕੰਮ ਵੀ ਆਏ, ਉਹਨਾਂ ਪ੍ਰਵਾਸੀ ਪੰਜਾਬੀਆਂ ਦੀਆਂ ਸੇਵਾਵਾਂ ਪ੍ਰਤੀ ਕਦੇ ਉਹਨਾਂ ਨੂੰ ਸਨਮਾਨਿਤ ਨਹੀਂ ਕੀਤਾ ਗਿਆ। ਜਿੰਨਾ ਕੁ ਚਿਰ ਸਰਕਾਰਾਂ ਨੂੰ ਪ੍ਰਵਾਸੀਆਂ ਦੀ ਵੋਟਾਂ 'ਚ ਸਹਾਇਤਾ ਦੀ ਲੋੜ ਸੀ ,ਉਤਨਾ ਚਿਰ ਉਹਨਾਂ ਪ੍ਰਵਾਸੀ ਸੰਮੇਲਨ ਵੀ ਕਰਵਾਏ, ਐਨ.ਆਰ.ਆਈ. ਸਭਾ ਦੀਆਂ ਸਰਗਰਮੀਆਂ ਵੀ ਜਾਰੀ ਰੱਖੀਆਂ, ਪਰ ਹੁਣ ਉਹ ਸਭ ਬੰਦ ਕਰ ਦਿੱਤੀਆਂ ਗਈਆਂ ਹਨ।

ਪਰ ਹੁਣ ਚੰਗੀ ਖ਼ਬਰ ਹੈ ਕਿ ਉਹਨਾਂ ਪ੍ਰਵਾਸੀ ਪੰਜਾਬੀਆਂ, ਜਿਹਨਾਂ ਨੇ ਵਿਦੇਸ਼ਾਂ ਵਿੱਚ ਹਰ ਖੇਤਰ 'ਚ ਨਾਮਣਾ ਖੱਟਿਆ ਉਹਨਾਂ ਪ੍ਰਵਾਸੀ ਪੰਜਾਬੀਆਂ ਨੂੰ "ਅਚੀਵਰ ਐਵਾਰਡ" ਅਗਲੇ ਵਰ੍ਹੇ ਤੋਂ ਦਿੱਤੇ ਜਾਣਗੇ, ਜਿਹਨਾਂ ਦੀ ਚੋਣ ਦੇ ਹੁਕਮ ਪੰਜਾਬ ਸਰਕਾਰ ਨੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਵਿਭਾਗ ਨੂੰ ਦੇ ਦਿੱਤੇ ਹਨ। ਇਹ ਹੋਰ ਵੀ ਚੰਗੀ ਖ਼ਬਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਸਮੇਂ ਕਰਵਾਏ ਜਾ ਰਹੇ ਸਮਾਗਮਾਂ 'ਚ 550 ਪ੍ਰਵਾਸੀ ਪੰਜਾਬੀਆਂ ਨੂੰ ਸੱਦਾ ਪੱਤਰ ਭੇਜੇ ਜਾਣਗੇ, ਜਿਹਨਾਂ ਦਾ ਰਹਿਣ-ਸਹਿਣ ਤੇ ਆਵਾਜਾਈ ਦਾ ਪ੍ਰਬੰਧ ਪੰਜਾਬ ਸਰਕਾਰ ਕਰੇਗੀ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋਏ ਪ੍ਰਵਾਸੀ ਪੰਜਾਬੀਆਂ ਨੂੰ ਸੂਬੇ ਦੇ ਵਿਕਾਸ ਲਈ ਆਪਣੇ ਨਾਲ ਜੋੜਨ ਵਾਸਤੇ ਅਚੀਵਰ ਐਵਾਰਡ ਲਈ ਚੰਗੇ ਸੁਲਝੇ ਹੋਏ ਨਿਰਪੱਖ ਉਹਨਾਂ ਪ੍ਰਵਾਸੀ ਪੰਜਾਬੀਆਂ ਦੀ ਚੋਣ ਹੋਣੀ ਚਾਹੀਦੀ ਹੈ, ਜਿਹਨਾਂ ਦੀਆਂ ਪ੍ਰਾਪਤੀਆਂ ਉੱਤੇ ਕੋਈ ਸ਼ੰਕਾ ਨਾ ਹੋਵੇ ਜਾਂ ਕੋਈ ਉਂਗਲ ਨਾ ਉਠਾ ਸਕੇ। ਇਸੇ ਤਰ੍ਹਾਂ ਪ੍ਰਕਾਸ਼ ਪੁਰਬ ਲਈ ਉਹਨਾਂ ਪੰਜਾਬੀ ਪ੍ਰਵਾਸੀਆਂ ਨੂੰ ਸੱਦਾ ਪੱਤਰ ਭੇਜਿਆ ਜਾਣਾ ਚਾਹੀਦਾ ਹੈ, ਜਿਹਨਾਂ ਦੀ ਪੰਜਾਬੀ ਸਮਾਜ ਨੂੰ ਦੇਸ਼-ਵਿਦੇਸ਼ 'ਚ ਵੱਡੀ ਦੇਣ ਹੋਵੇ। ਤਦੇ ਹੀ ਪ੍ਰਵਾਸੀ ਪੰਜਾਬੀਆਂ ਨਾਲ ਸਰਕਾਰ ਦਾ ਸੰਪਰਕ ਅਤੇ ਵਿਸ਼ਵਾਸ ਵਧੇਗਾ। ਲੋੜ ਤਾਂ ਇਸ ਗੱਲ ਦੀ ਵੀ ਹੈ ਕਿ ਪ੍ਰਵਾਸੀ ਪੰਜਾਬੀਆਂ ਦੀ ਸੰਸਥਾ ਐਨ.ਆਰ.ਆਈ. ਸਭਾ ਦੀ ਚੋਣ ਕਰਕੇ ਉਸਨੂੰ ਸਰਗਰਮ ਕੀਤਾ ਜਾਵੇ। ਅਤੇ ਐਨ.ਆਰ.ਆਈ. ਕਮਿਸ਼ਨ ਨੂੰ ਵੀ ਵਧੇਰੇ ਤਾਕਤਾਂ ਦਿੱਤੀਆਂ ਜਾਣ।

ਪੰਜਾਬ, ਦੇਸ਼ ਦੇ ਬਾਕੀ ਹਿੱਸੇ ਵਾਂਗਰ ਵੱਡੀ ਬੇਰੁਜ਼ਗਾਰੀ, ਕਿਸਾਨੀ ਸੰਕਟ ਅਤੇ ਭੈੜੀ ਅਰਥ ਵਿਵਸਥਾ ਦਾ ਸ਼ਿਕਾਰ ਹੋਇਆ ਪਿਆ ਹੈ। ਪੰਜਾਬ ਸਰਕਾਰ ਦਾ ਖਜ਼ਾਨਾ ਖਾਲੀ ਹੈ। ਪੰਜਾਬ ਕੋਲ ਵੱਡੇ ਉਦਯੋਗ ਨਹੀਂ ਹਨ। ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ 'ਚ ਉਦਯੋਗ ਲਗਾਉਣ ਲਈ ਤਦੇ ਪ੍ਰੇਰਿਆ ਜਾ ਸਕਦਾ ਹੈ, ਜੇਕਰ ਉਹਨਾਂ ਦਾ ਭਰੋਸਾ ਜਿੱਤਿਆ ਜਾਏ। ਉਹ ਪ੍ਰਵਾਸੀ ਪੰਜਾਬੀ ਜਿਹਨਾਂ ਨੇ ਵਿਸ਼ਵ ਭਰ 'ਚ ਵੱਖੋ-ਵੱਖਰੇ ਖੇਤਰਾਂ 'ਚ ਨਾਮ ਖੱਟਿਆ ਹੈ, ਪੰਜਾਬ ਦੇ ਅਰਥਚਾਰੇ ਨੂੰ ਥਾਂ ਸਿਰ ਕਰਨ ਲਈ ਉਹਨਾਂ ਦੀਆਂ ਸੇਵਾਵਾਂ ਲੈਣ ਤੋਂ ਵੀ ਗੁਰੇਜ ਨਹੀਂ ਕਰਨਾ ਚਾਹੀਦਾ। ਕੈਨੇਡਾ, ਅਮਰੀਕਾ, ਬਰਤਾਨੀਆ ਵਸਦੇ ਪੰਜਾਬੀ ਪ੍ਰਵਾਸੀ ਸਿਆਸਤਦਾਨ, ਪੰਜਾਬ ਨਾਲ ਉਥੋਂ ਦੀਆਂ ਸਰਕਾਰਾਂ ਦੇ ਸਮਝੌਤੇ ਜਾਂ ਵਪਾਰਿਕ ਲੈਣ-ਦੇਣ ਕਰਵਾ ਸਕਦੇ ਹਨ, ਜਿਸਦਾ ਸੂਬੇ ਪੰਜਾਬ ਨੂੰ ਵੱਡਾ ਫਾਇਦਾ ਹੋ ਸਕਦਾ ਹੈ।

# "ਇਉ ਭਰਿਆ ਕਵਿਤਾ ਨੂੰ ਦੂਰਕਾਰਨ ਦਾ ਹਰਜ਼ਾਨਾ"

ਇੰਗਲੈਂਡ ਦੇ ਮਸ਼ਹੂਰ ਸ਼ਹਿਰ ਦਾ ਇਕ ਕਵੀ, ਜੋ ਆਪਣੇ ਆਪ ਨੂੰ ਮਿਰਜ਼ਾ ਗਾਲਿਬ ਹੀ ਸਮਝਦਾ ਸੀ। ਇੰਗਲੈਂਡ ਦੇ ਪੰਜਾਬੀ ਪੇਪਰਾਂ ਵਿੱਚ ਵੀ ਕਦੇ-ਕਦੇ ਉਹਦੀਆਂ ਕਵਿਤਾਵਾਂ ਛਪਦੀਆਂ। ਪੱਲਿਓਂ ਪੰਜ ਸੱਤ ਲੱਖ ਖਰਚ ਕੇ ਦੋ ਤਿੰਨ ਕਿਤਾਬਾਂ ਵੀ ਛਪਵਾਈਆਂ। ਪਰ ਖਰੀਦੀਆਂ ਕਿਸੇ ਨੇ ਵੀ ਨਹੀਂ, ਵਿਚਾਰੇ ਨੇ ਆਪ ਹੀ, "ਪ੍ਰੇਮ ਸਹਿਤ ਭੇਟ, ਤੇ ਥੱਲੇ ਆਪਣੇ ਦਸਤਖਤ ਕਰਕੇ ਲੋਕਾਂ ਨੂੰ ਧੱਕੇ ਨਾਲ ਫ੍ਰੀ ਵਿੱਚ ਵੰਡੀਆਂ। ਦੋ ਕਿਤਾਬਾਂ ਮੇਰੀ ਘਰੇਲੂ ਲਾਇਬਰੇਰੀ ਦਾ ਵੀ ਥਾਂ ਰੋਕੀ ਬੈਠੀਆਂ ਹਨ। ਕਵੀ ਸਾਹਿਬ ਨੇ ਇਹ ਕਿਤਾਬਾਂ ਚੰਡੀਗੜੀਏ ਸਿੰਘ ਸਾਹਿਬ ਨੂੰ ਦਿੱਤੀਆਂ ਸਨ। ਉਸਨੇ ਤਿੰਨ ਚਾਰ ਪੌਂਡ ਡਾਕ ਖਰਚਾ ਭਰਕੇ, ਸਾਊਥਾਲ ਤੋਂ ਗਲਾਸਗੋ ਪੋਸਟ ਕਰ ਦਿੱਤੀਆਂ। ਕਵੀ ਸਾਹਿਬ ਜਦੋਂ ਵੀ ਘਰੋਂ ਬਾਹਰ ਨਿਕਲਦੇ ਤਾਂ ਆਪਣੀ ਕਵਿਤਾਵਾਂ ਵਾਲੀ ਕਾਪੀ ਕਦੇ ਵੀ ਨਾ ਭੁੱਲਦੇ, ਕੋਟ ਦੀ ਅੰਦਰਲੀ ਜੇਬ ਵਿੱਚ ਕਾਪੀ ਹਮੇਸ਼ਾ ਪਾਈ ਹੁੰਦੀ। ਜਿਹੜਾ ਵੀ ਰਸਤੇ ਵਿੱਚ ਜਾਣਕਾਰ ਜਾਂ ਮੇਰੇ ਵਰਗਾ ਪਗੜੀਧਾਰੀ ਮਿਲ ਜਾਂਦਾ ਤਾਂ ਨਵੀਂ ਲਿਖੀ ਕਵਿਤਾ ਧੱਕੇ ਨਾਲ ਸੁਣਾਉਂਦੇ। ਇਕ ਕਵਿਤਾ ਖਤਮ ਹੋਣ ਤੇ ਜਦੋਂ ਤੁਸੀਂ ਵਾਹ ਵਾਹ ਕਿਹਾ ਤਾਂ ਨਾਲ ਹੀ ਅਗਲੀ ਸ਼ੁਰੂ ਹੋ ਜਾਂਦੀ। ਘੱਟੋ-ਘੱਟ ਚਾਰ ਪੰਜ ਕਵਿਤਾਵਾਂ ਸੁਣਨ ਤੋਂ ਬਿਨਾਂ ਖਹਿੜਾ ਛੁੱਟਣਾਂ ਮੁਸ਼ਕਿਲ ਸੀ। ਜਾਣਕਾਰ ਲੋਕ ਤਾਂ ਦੂਰੋਂ ਹੀ ਵੇਖ ਕੇ ਪਾਸੇ ਹੋ ਜਾਂਦੇ।ਇੱਥੋਂ ਦੀ ਤੇਜ ਤਰਾਰ ਜਿੰਦਗੀ ਵਿੱਚ ਵਿਹਲਾ ਵਕਤ ਹੁੰਦਾ ਹੀ ਨਹੀਂ। ਕਵੀ ਦੇ ਜਿਆਦਾਤਾਰ ਸ਼ਿਕਾਰ ਮੇਰੇ ਵਰਗੇ ਇੰਡੀਆ ਤੋਂ ਆਏ, ਕੰਮ ਦੇ ਭਾਲੂ ਹੁੰਦੇ ਜਾਂ ਗੁਰਦੁਆਰੇ ਦੇ ਭਾਈ ਬਣਦੇ, ਕਿਉਂਕਿ ਕਵੀ ਸਾਹਿਬ ਦਾ ਸਾਰੇ ਸ਼ਹਿਰ ਦੇ ਕੌਲੇ ਕੱਛਣ ਤੋਂ ਬਾਅਦ ਆਖਰੀ ਪੜਾਅ ਗੁਰੂ ਘਰ ਹੀ ਹੁੰਦਾ, ਚਾਹ ਪਾਣੀ ਲੰਗਰ ਵੀ ਛਕ ਲੈਂਦਾ ਤੇ ਆਪਣੀਆਂ ਕਵਿਤਾਵਾਂ ਸੁਣਾਉਣ ਦੀ ਲਲਕ ਵੀ ਪੂਰੀ ਕਰਦਾ। ਭਾਈਆਂ ਦੇ ਆਪਣੇ ਮਤਲਬ ਹੁੰਦੇ, ਨਿੱਕੇ




ਮੋਟੇ ਕੰਮਾਂ ਕਾਰਾਂ ਵਿੱਚ ਇੰਗਲਿਸ਼ ਦੀ ਮੁਸ਼ਕਿਲ ਪੈਂਦੀ ਤਾਂ ਕਵੀ ਜੀ ਮੱਦਦ ਕਰਦੇ। ਦੂਰ ਨੇੜੇ ਆਉਣ ਜਾਣ ਵੇਲੇ ਕਵੀ ਜੀ ਗੱਡੀ ਤੇ ਲੈ ਜਾਂਦੇ। ਇਸ ਮਜ਼ਬੂਰੀ ਵੱਸ ਉਹ ਵਿਚਾਰੇ ਕਵਿਤਾਈ ਅੱਤਿਆਚਾਰ ਬਰਦਾਸ਼ਤ ਕਰਦੇ।

ਗੁਰਦੁਆਰੇ ਅਖੰਡ ਪਾਠ ਚੱਲ ਰਿਹਾ ਸੀ ਤੇ ਭਾਈ ਸਿੰਘ ਸਾਹਿਬ ਨੇ ਬਾਰਾਂ ਵਜੇ ਰੌਲ ਤੇ ਬੈਠਣਾਂ ਸੀ। ਵੀਹ ਕੁ ਮਿੰਟ ਰਹਿੰਦੇ ਸੀ ਬਾਰਾਂ ਵੱਜਣ ਵਿੱਚ, ਇੰਡੀਆ ਫੋਨ ਕਰਨਾ ਸੀ ਪਰ ਇੰਟਰਨੈਸ਼ਨਲ ਕਾਲਿੰਗ ਕਾਰਡ ਖਤਮ ਹੋ ਗਿਆ। ਉਸਨੇ ਸੋਚਿਆ ਬਾਰਾਂ ਤੋਂ ਪਹਿਲਾਂ ਪਹਿਲਾਂ ਨੇੜੇ ਦੀ ਦੁਕਾਨ ਤੋਂ ਕਾਰਡ ਲੈ ਆਵਾਂ। ਉਹ ਪਰਨਾ ਲਪੇਟ ਕੇ ਤੁਰ ਪਿਆ। ਕਾਰਡ ਕਾਹਨੂੰ ਉਹ ਤਾਂ ਮੁਸੀਬਤ ਖਰੀਦਣ ਤੁਰ ਪਿਆ ਸੀ। ਜਿਉਂ ਹੀ ਉਹ ਬਾਹਰ ਨਿਕਲਕੇ ਮੇਨ ਰੋਡ ਦੇ ਫੁੱਟਪਾਥ ਤੇ ਚੜਿਆ। ਤਾਂ ਦੂਰੋਂ ਉਹਦੇ ਵੱਲ ਨੂੰ ਕਵੀ ਸਾਹਿਬ ਤੁਰਿਆ ਆਵੇ, ਭਾਈ ਨੇ ਸੋਚਿਆ ਜੇ ਇਹਦੇ ਅੜਿੱਕੇ ਆ ਗਿਆ ਤਾਂ ਰੌਲ ਤੋਂ ਲੇਟ ਹੋਊਂ, ਇਸ ਲਈ ਬਚਾਉ ਵਿੱਚ ਹੀ ਬਚਾਓ ਆ। ਉਹ ਕੋਡਾ ਜਿਆ ਹੋਕੇ ਸ਼ੜਕ ਤੇ ਪਾਰਕ ਕੀਤੀਆਂ ਗੱਡੀਆਂ ਦੇ ਉਹਲੇ ਛੁੱਪ ਗਿਆ। ਜਿਵੇਂ ਜਿਵੇਂ ਕਵੀ ਤੁਰਿਆ ਜਾਵੇ ਉਹ ਕੋਡਾ ਕੋਡਾ ਅੱਗੇ ਹੋਈ ਜਾਵੇ। ਅਚਾਨਕ ਕਵੀ ਰੁੱਕ ਗਿਆ, ਜਿਵੇਂ ਕੋਈ ਚੀਜ਼ ਯਾਦ ਆਈ ਹੋਵੇ ਘੁੰਮਿਆ ਤੇ ਜਿਧਰੋਂ ਆ ਰਿਹਾ ਸੀ ਉਸੇ ਪਾਸੇ ਵਾਪਸ ਮੁੜ ਪਿਆ। ਉਧਰ ਭਾਈ ਨੇ ਵੀ ਗੱਡੀਆਂ ਦੇ ਹੈਂਡਲਾਂ ਨੂੰ ਫੜ ਫੜ ਕੇ ਕੋਡੇ ਦੂਹੀ ਬੈਕ ਗੇਅਰ ਪਾ ਲਿਆ।ਪਰ ਮਾੜੀ ਕਿਸਮਤ ਭਾਈ ਜੀ ਦੀ, ਪਿਛਲੇ ਮਹੀਨੇ ਡੇਢ ਮਹੀਨੇ ਤੋਂ ਇਸ ਇਲਾਕੇ ਵਿੱਚ ਗੱਡੀਆਂ ਚੋਰੀ ਦੀਆ ਬਹੁਤ ਵਾਰਦਾਤਾਂ ਹੋ ਚੁੱਕੀਆਂ ਸਨ। ਇਸ ਕਰਕੇ ਪੁਲਸ ਚੌਕਸੀ ਵਧਾ ਦਿੱਤੀ ਸੀ। ਭਾਈ ਸਿੰਘ ਸਾਹਿਬ ਦੀ ਹਰਕਤ ਨੂੰ ਦੂਰ ਖੜ੍ਹੀ ਪੁਲਿਸ ਵੇਖ ਰਹੀ ਸੀ। ਕਵੀ ਤਾਂ ਚਲਾ ਗਿਆ ਪਰ ਪੁਲਸ ਨੇ ਭਾਈ ਸਿੰਘ ਸਾਹਿਬ ਨੂੰ ਖੜ੍ਹਾ ਨੀ ਹੋਣ ਦਿੱਤਾ, ਮੂਧਾ ਪਾਕੇ ਹੱਥਕੜੀ ਠੋਕ ਦਿੱਤੀ, ਖੀਸੇ ਚ ਹੱਥ ਮਾਰਿਆ ਤਾਂ ਗੁਰਦੁਆਰੇ ਦੇ ਵੱਖ ਵੱਖ ਕਮਰਿਆਂ ਦੀਆਂ ਵੀਹ ਪੱਚੀ ਚਾਬੀਆਂ ਦਾ ਗੁੱਛਾ ਨਿੱਕਲ ਆਇਆ।ਪੁਲਸ ਦਾ ਸ਼ੱਕ ਯਕੀਨੀ ਬਣ ਗਿਆ। ਅੰਗਰੇਜ਼ੀ ਵੱਲੋਂ ਹੱਥ ਪੂਰਾ ਈ ਤੰਗ, ਪੁੱਛਣ ਤੇ ਜਵਾਬ ਬਣੇ ਹੀ ਨਾ, "ਮੀ ਗ੍ਰੰਥੀ, ਹੀ ਕਵੀ, ਕਵਿਤਾ ਕਵੀ ਗ੍ਰੰਥੀ ਦਾ ਭੰਬਲਭੂਸਾ ਪੁਲਸ ਨੂੰ ਕੀ ਸਮਝ ਆਉਣਾ ਸੀ। ਉਹਨਾਂ ਨੇ ਠਾਣੇ ਲਿਜਾ ਕੇ ਹਵਾਲਾਤ ਵਿੱਚ ਬੰਦ ਕਰ ਦਿੱਤਾ। ਦੋ ਕੁ ਘੰਟਿਆਂ ਬਾਅਦ ਪੰਜਾਬੀ ਇੰਟਰਪਰੇਟਰ ਆਇਆ।ਭਾਈ ਸਿੰਘ ਸਾਹਿਬ ਆਪਣੀ ਕਹਾਣੀ ਦੱਸੀ ਗਿਆ ਤੇ ਇੰਟਰਪਰੇਟਰ ਮੁਸਕੜੀਏਂ ਹੱਸੀ ਗਿਆ ਕਿਉਂਕਿ ਉਹ ਵੀ ਉਸੇ ਕਵੀ ਦੀ ਕਵਿਤਾ ਦਾ ਕਈ ਵਾਰ ਜ਼ੁਲਮ ਝੱਲ ਚੁੱਕਾ ਸੀ।

ਪੁਲਿਸ ਅਫਸ਼ਰ ਨੇ ਭਾਈ ਜੀ ਤੋਂ ਮੁਆਫੀ ਮੰਗੀ ਤੇ ਪੁਲਸ ਭਾਈ ਸਿੰਘ ਸਾਹਿਬ ਨੂੰ ਗੁਰੂਦੁਆਰਾ ਸਾਹਿਬ ਵਾਪਸ ਛੱਡ ਕੇ ਗਈ। ਹੁਣ ਗੁਰੂ ਘਰ ਦੇ ਬਾਹਰ ਲੱਗੇ ਨਿਸ਼ਾਨ ਸਾਹਿਬ ਕੋਲ ਹੱਥ ਬੰਨ੍ਹ ਖੜਾ ਭਾਈ ਸਿੰਘ ਸਾਹਿਬ ਗਿਲਾ ਕਰ ਰਿਹਾ ਸੀ ਕਿ ਦਾਤਿਆ ਧੰਨ ਨੇ ਤੇਰੇ ਰੰਗ, ਪੰਜਾਬ ਵਿੱਚ ਮੈਂ ਤਾਂ ਕੀ ਮੇਰੇ ਪਿਉ ਦਾਦੇ ਨੇ ਕਦੇ ਠਾਣੇ ਦੀ ਦੇਹਲੀ ਨੀ ਸੀ ਟੱਪੀ ਤੇ ਵਲੈਤ ਆਕੇ ਹੱਥਕੜੀਆਂ ਵੀ ਲੱਗ ਗਈਆਂ ਤੇ ਹਵਾਲਾਤ ਵੀ ਵਿਖਾ ਤੀ। ਉਹ ਵੀ ਇਕ ਕਵਿਤਾ ਨੇ?

**(ਅਮਰ ਮੀਨੀਆਂ ਗਲਾਸਗੋ)**

# ਨਵਜੋਤ ਸਿੱਧੂ ਨੇ ਨਹੀ ਲਿਆ ਚਾਰਜ, ਪ੍ਰਿੰਸੀਪਲ ਸਕੱਤਰ ਛੁੱਟੀ 'ਤੇ

**ਚੰਡੀਗੜ੍ਹ-** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਨਾਰਾਜ਼ਗੀ ਦੇ ਚਲਦੇ ਮੰਗਲਵਾਰ ਨੂੰ ਵੀ ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਪਾਵਰਕਾਮ ਵਿਭਾਗ ਦਾ ਕੰਮਕਾਜ ਨਹੀਂ ਸੰਭਾਲਿਆ।

ਜਦਕਿ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਏ.ਵੈਣੂ ਪ੍ਰਸ਼ਾਦ ਵੀ ਛੁੱਟੀ 'ਤੇ ਚਲੇ ਗਏ ਹਨ। ਇਕ ਤਰ੍ਹਾਂ ਨਾਲ ਪਾਵਰਕਾਮ ਵਿਭਾਗ ਰੱਬ ਆਸਰੇ ਚੱਲ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਏ.ਵੈਣੂ ਪ੍ਰਸ਼ਾਦ ਟ੍ਰੇਨਿੰਗ ਪ੍ਰੋਗਰਾਮ ਤਹਿਤ ਵਿਦੇਸ਼ ਦੌਰੇ 'ਤੇ ਗਏ ਹਨ। ਜਦਕਿ ਵਿਭਾਗ ਦੇ ਨਵੇਂ ਬਣੇ ਬਿਜਲੀ ਮੰਤਰੀ ਨਵਜੋਤ ਸਿੱਧੂ ਵਲੋਂ ਵਿਭਾਗ ਦਾ ਚਾਰਜ ਨਹੀਂ ਲਿਆ ਗਿਆ ਅਤੇ ਨੇੜ੍ਹ ਭਵਿੱਖ ਵਿਚ ਉਨ੍ਹਾਂ ਵਲੋਂ ਵਿਭਾਗ ਦਾ ਕੰਮਕਾਜ ਦੇਖਣ ਜਾਂ ਅਹੁਦਾ ਸੰਭਾਲਣ ਦੀ ਕੋਈ ਸੰਭਾਵਨਾ ਨਹੀਂ ਦਿਖ ਰਹੀ ਜਿਸ ਕਰਕੇ ਵਿਭਾਗ ਦੇ ਅਧਿਕਾਰੀਆਂ, ਮੁਲਾਜ਼ਮਾਂ ਵਿਚ ਭੰਬਲਭੂਸੇ ਵਿਚ ਸਥਿਤੀ ਬਣੀ ਹੋਈ ਹੈ।

ਹਾਲਾਂਕਿ ਪੰਜਾਬ ਰਾਜ ਬਿਜਲੀ ਬੋਰਡ ਨਿਗਮ (ਪਾਵਰਕਾਮ) ਦਾ ਜ਼ਿਆਦਾਤਰ ਕੰਮ ਚੇਅਰਮੈਨ ਦੇ ਅਧਿਕਾਰ ਖੇਤਰ ਅਧੀਨ ਹੈ, ਯਾਨੀ ਪਾਵਰਕਾਮ ਦਾ ਚੇਅਰਮੈਨ ਆਪਣੇ ਪੱਧਰ 'ਤੇ ਫੈਸਲਾ ਲੈਣ ਦੇ ਸਮਰੱਥ ਹੈ ਪਰ ਸਰਕਾਰ ਪੱਧਰ 'ਤੇ ਲੈਣ ਵਾਲੇ ਫੈਸਲਿਆਂ, ਕੰਮਕਾਜ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਰਾਹੀਂ ਵਿਭਾਗ ਦੇ ਮੰਤਰੀ ਨੇ ਕਰਨਾ ਹੁੰਦਾ ਹੈ। ਭਾਵੇਂਕਿ ਪਾਵਰਕਾਮ ਦੇ ਪ੍ਰਿੰਸੀਪਲ ਸਕੱਤਰ ਦੇ ਛੁੱਟੀ 'ਤੇ ਜਾਣ ਕਾਰਨ ਸਰਕਾਰ ਨੇ ਪਾਵਰਕਾਮ ਦਾ ਵਾਧੂ ਚਾਰਜ ਸੀਨੀਅਰ ਅਧਿਕਾਰੀ ਐਮ.ਪੀ ਸਿੰਘ ਨੂੰ ਦੇ ਦਿੱਤਾ ਹੈ।

ਕਾਂਗਰਸ ਆਲਾ ਕਮਾਨ ਵਲੋਂ ਮੁੱਖ ਮੰਤਰੀ ਅਤੇ ਸਿੱਧੂ ਵਿਚਾਲੇ ਪੈਦਾ ਹੋਏ ਵਿਵਾਦ ਨੂੰ ਸਲਝਾਉਣ ਲਈ ਪਾਰਟੀ ਦੇ ਸੀਨੀਅਰ ਆਗੂ ਅਹਿਮਦ ਪਟੇਲ ਦੀ ਡਿਊਟੀ ਲਗਾਈ ਹੈ। ਸੱਤਾ ਦੇ ਗਲਿਆਰਿਆਂ ਵਿਚ ਚਰਚਾ ਹੈ ਕਿ ਪਿਛਲੇ ਦਿਨ ਅਹਿਮਦ ਪਟੇਲ ਵਲੋਂ ਮੁੱਖ ਮੰਤਰੀ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਕੈਪਟਨ ਨੇ ਸਿੱਧੂ ਮਾਮਲੇ ਵਿਚ ਵਕਾਰ ਦਾ ਸਵਾਲ ਦੱਸਦਿਆ ਨਵਜੋਤ ਸਿੱਧੂ ਨੂੰ ਦੁਬਾਰਾ ਸਥਾਨਕ ਸਰਕ-ਾਰਾਂ ਵਿਭਾਗ ਦੇਣ ਤੋਂ ਮਨ੍ਹਾ ਕਰ ਦਿੱਤਾ।

ਸੂਤਰ ਦੱਸਦੇ ਹਨ ਕਿ ਕੈਪਟਨ ਹੁਣ ਸਿੱਧੂ ਨਾਲ ਸੁਲ੍ਹਾ ਸਫ਼ਾਈ ਕਰਨ ਦੇ ਰੌਅ ਵਿਚ ਨਹੀਂ ਹੈ। ਜਦਕਿ ਪਾਰਟੀ ਆਲਾਕਮਾਨ ਨਵਜੋਤ ਸਿੱਧੂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ। ਪਾਰਟੀ ਲਈ ਮੁਸੀਬਤ ਇਹ ਹੈ ਕਿ ਕਾਂਗਰਸ ਕੋਲ ਕੌਮੀ ਪੱਧਰ 'ਤੇ ਨਵਜੋਤ ਸਿੱਧੂ ਦੇ ਬਰਾਬਰ ਕੱਦ ਦਾ ਕੋਈ ਹੋਰ ਨੇਤਾ ਨਹੀਂ ਹੈ, ਜਿਸ ਕਰਕੇ ਪਾਰਟੀ ਹਾਈ ਕਮਾਨ ਨਵਜੋਤ ਸਿੱਧੂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ।

------

## ਕਿਰਪਾ

ਕਰ ਚੰਗਿਆਈਆਂ ਛੱਡ ਬੁਰਾਈਆਂ ਆਪੇ ਰੋਗ ਸਹੇੜੇ
ਤੂੰ ਮਾੜੇ ਕਰਮ ਕਮਾ ਕੇ ਪਿੱਛੋਂ ਬੰਦਿਆ ਖਾਂਦਾ ਫਿਰਦਾ ਗੇੜੇ
ਉਹ ਲੈਂਦਾ ਬਦਲੇ ਗਿਣ ਗਿਣ ਕੇ ਤੇ ਕੀਤੇ ਮਾੜੇ ਕੰਮਾਂ ਨੂੰ ਰੋਵੇਂ
ਜਦੋਂ ਕਿਰਪਾ ਉਤਲੇ ਦੀ ਕਦੇ ਵਾਲ ਵਿੰਗਾ ਨਾ ਹੋਵੇ।

ਅੱਜ ਦੀ ਗੱਲ ਤੂੰ ਯਾਦ ਰੱਖੀਂ ਤੇਰੇ ਵੇਲਾ ਹੱਥ ਨਹੀਂ ਆਉਣਾ
ਬਦੀਆਂ ਤੇ ਮਨ ਮੱਤੀਆਂ ਕਰਕੇ ਪਿੱਛੋਂ ਪਊ ਪਛਤਾਉਣਾ
ਜਾਣ-ਬੁੱਝ ਕੇ ਫਿਰ ਬੰਦਾ ਕਿਉਂ ਨਰਕਾਂ ਦੀ ਪੰਡ ਢੋਵੇ
ਜਦੋਂ ਕਿਰਪਾ ਉਤਲੇ ਦੀ ਕਦੇ ਵਾਲ ਵਿੰਗਾ ਨਾ ਹੋਵੇ।

ਕੁੜੀ ਮੁੰਡੇ ਵਿਚ ਫਰਕ ਕੋਈ ਨਾ ਤੁਰ ਪਈ ਪੁੱਠੀ ਕਹਾਣੀ
ਦੁਨੀਆਂ ਦਾਰੀ ਕਿਵੇਂ ਤੁਰੇ ਨਾ ਕੁੜੀ ਦੀ ਕਦਰ ਪਛਾਣੀ
ਆਪੇ ਕਰਦਾ ਆਪੇ ਦਿੰਦਾ ਜਦ ਦਰ 'ਤੇ ਆਣ ਖਲੋਵੇ
ਜਦੋਂ ਕਿਰਪਾ ਉਤਲੇ ਦੀ ਕਦੇ ਵਾਲ ਵਿੰਗਾ ਨਾ ਹੋਵੇ।

ਬਖਸ਼ੀ ਬੰਦਿਆ ਜ਼ਿੰਦਗੀ ਤੈਨੂੰ ਇੱਥੇ ਚਾਰ ਦਿਨਾਂ ਦਾ ਮੇਲਾ
ਗੁਰੂ ਘਰਾਂ ਵਿਚੋਂ ਮਿਲੇ ਸ਼ਾਂਤੀ ਜਾ ਕੇ ਕਰ ਲੈ ਜਨਮ ਸੁਹੇਲਾ



ਦੱਸੇ 'ਦੇਵ ਘੋਲੀਏ' ਵਾਲਾ
ਉਹੀ ਸਭ ਦੇ ਧੋਣੇ ਧੋਵੇ
ਜਦੋਂ ਕ੍ਰਿਪਾ ਉਤਲੇ ਦੀ
ਕਦੇ ਵਾਲ ਵਿੰਗਾ ਨਾ ਹੋਵੇ।

**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਮੀਟਿੰਗ ਫਰਿਜ਼ਨੋ ਵਿਚ ਹੋਈ

## ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲਿਆਂ ਦਾ ਐਲਾਨ, ਬੀਬੀ ਗੁਰਦੀਪ ਕੌਰ ਮਾਨ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ

**ਫਰਿਜ਼ਨੋ-** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਦੀ ਇਕ ਮੀਟਿੰਗ 16 ਜੂਨ ਨੂੰ ਫਰਿਜ਼ਨੋ ਵਿਚ ਹੋਈ। ਮੀਟਿੰਗ ਦੇ ਸ਼ੁਰੂ ਸਮੂਹ ਮੈਂਬਰਾ ਨੇ ਖੜੇ ਹੋ ਕਿ ਬੀਬੀ ਗੁਰਦੀਪ ਕੌਰ ਮਾਨ ਨੂੰ ਸ਼ਰਧਾਜਲੀ ਭੇਂਟ ਕੀਤੀ ਜੋ ਕਿ ਜੂਨ 7 ਨੂੰ ਆਪਣੀ ਜੀਵਨ-ਯਾਤਰਾ ਸੰਪੂਰਨ ਕਰ ਗਏ ਹਨ। ਬੀਬੀ ਗੁਰਦੀਪ ਕੌਰ ਮਾਨ ਫੋਰਮ ਦੇ ਕੈਸ਼ੀਅਰ ਅਤੇ ਮੋਢੀ ਮੈਂਬਰ ਸ੍ਰ ਜਸਵੰਤ ਸਿੰਘ ਜੀ ਮਾਨ ਦੀ ਧਰਮ ਪਤਨੀ ਸਨ ਅਤੇ ਪਿਛਲੇ ਕੁਝ ਸਾਲਾਂ ਤੋਂ ਬਿਮਾਰ ਚਲ ਰਹੇ ਸਨ।ਮੀਟਿੰਗ ਵਿਚ ਇਕ ਮਤੇ ਰਾਹੀ ਉਨਾਂ ਦੀ ਮੌਤ ਤੇ ਦੁਖ ਪਰਗਟ ਕਰਦਿਆ ਸ੍ਰ ਜਸਵੰਤ ਸਿੰਘ ਮਾਨ ਅਤੇ ਉਨਾਂ ਦੇ ਪਰਵਿਾਰ ਨਾਲ ਹਮਦਰਦੀ ਦਾ ਪਰਗਟਾਵਾ ਕੀਤਾ ਗਿਆ ਅਤੇ ਉਨਾਂ ਦੇ ਪਰਿਵਾਰ ਦੀਆਂ ਸਮਾਜ ਪ੍ਰਤੀ ਸਵੇਵਾਂ ਲਈ ਸਰਾਹਣਾ ਕੀਤੀ। ਇਕ ਹੋਰ ਮਤੇ ਰਾਹੀਂ ਪੰਜਾਬ ਦੇ ਉਘੇ ਸ਼ੋਸ਼ਲ ਵਰਕਰ, ਲੇਖਕ ਅਤੇ ਪਟਿਆਲਾ ਦੇ ਰਾਜਿੰਦਰਾ ਕਾਲਜ ਦੇ ਮੈਡੀਕਲ ਡਾਕਟਰ ਬੀਬੀ ਹਰਸ਼ਿੰਦਰ ਕੌਰ ਨੂੰ ਉਨਾਂ ਦੀ ਨੌਕਰੀ ਤੋਂ ਬਿਨਾਂ ਵਜਾ ਮੁਅਾਤਲੀ ਦੀ ਨਿੰਦਾ ਕੀਤੀ ਹੈ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨਾਂ ਨੂੰ ਸਤਿਕਾਰ ਸਮੇਤ ਉਨਾਂ ਦੀ ਨੌਕਰੀ ਤੇ ਬਹਾਲ ਕੀਤਾ ਜਾਵੇ। ਯਾਦ ਰਹੇ ਕਿ ਡਾ ਹਰਸ਼ਿੰਦਰ ਕੌਰ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੇ ਸਮਾਜਿਕ ਮਸਲਿਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਲਈ ਵੱਡਮੁਲਾ ਕੰਮ ਕਰ ਰਹੇ ਹਨ ਅਤੇ ਉਹ ਗਰੀਬ ਪਰਿਵਾਰਾਂ ਦੀਆਂ ਬੇਟੀਆਂ ਦੀ ਪੜਾਈ ਲਈ ਵੀ ਉਘਾ ਯੋਗਦਾਨ ਪਾ ਰਹੇ ਹਨ। ਉਹ ਫੋਰਮ ਵਲੋਂ ਮਾਰਚ 2018 ਵਿਚ ਕਰਵਾਏ ਗਏ ਮੇਲੇ ਦੇ ਮੁਖ ਮਹਿਮਾਨ ਵੀ ਸਨ ਜਿਥੇ ਉਨਾਂ ਨੂੰ ਲੋਕਾਂ ਨੇ ਬੜੇ ਹੀ ਉਤਸ਼ਾਹ ਨਾਲ


ਸੁਣਿਆ ਸੀ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਪਿਛਲੇ ਕਈ ਸਾਲਾਂ ਤੋਂ ਕਰਵਾਏ ਜਾ ਰਹੇ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲਿਆਂ ਦੀ ਲੜੀ ਵਿਚ ਇਸ ਸਾਲ ਦੇ ਭਾਸ਼ਨ ਮੁਕਾਬਲੇ 28 ਜੁਲਾਈ ਨੂੰ ਫਰਿਜ਼ਨੋ ਵਿਚ ਕਰਵਾਉਣ ਦਾ ਫੈਸਲਾ ਲਿਆ ਗਿਆ। ਇਹ ਭਾਸ਼ਨ ਮੁਕਾਬਲੇ ਜਲਿਆਵਾਲੇ ਬਾਗ ਦੇ ਸ਼ਹੀਦੀ ਸਾਕੇ ਨੂੰ, ਸ਼ਹੀਦ ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸਮਰਪਤ ਹੋਣਗੇ। ਇਹ ਭਾਸ਼ਨ ਮੁਕਾਬਲੇ 28 ਜੁਲਾਈ ਨੂੰ ਇੰਡੀਆ ਉਵਨ, 3035 ਵੈਸਟ ਐਸਲੈਨ ਐਵਨਿਉ ਫਰਿਜਨੋ ਵਿਚ ਦੁਪਿਹਰ 1 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਏ ਜਾ ਰਹੇ ਹਨ ਅਤੇ ਇਨਾਂ ਵਚ ਹਰ ਉਮਰ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ।

ਇਨਾਂ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੂੰ ਉਨਾਂ ਦੀ ਉਮਰ ਦੇ ਹਿਸਾਬ ਨਾਲ ਚਾਰ ਗਰੁਪਾਂ ਵਿਚ ਵੰਡ ਕੇ ਵੱਖ ਵੱਖ ਵਿਸ਼ੇ ਦਿਤੇ ਗਏ ਹਨ। ਪਰਾਇਮਰੀ ਸਕੂਲ ਦੇ ਵਿਦਿਆਰਥੀ ਕਿਸੇ ਵੀ ਆਜ਼ਾਦੀ ਘੁਲਾਟੀਏ ਤੇ ਅਧਾਰਤ ਆਪਣੀ ਸਪੀਚ ਕਰਨਗੇ। ਮਿਡਲ ਸਕੂ.ਲ ਦੇ ਵਿਦਿਆਰਥੀ ਸ਼ਹੀਦ ਊਧਮ ਸਿੰਘ ਜਾਂ ਸ਼ਹੀਦ ਮਦਨ ਲਾਲ ਢੀਗਰਾਂ ਦੇ ਜੀਵਨ ਅਤੇ ਸਘੰਰਸ਼ ਤੇ ਅਧਾਰਤ ਆਪਣੀ ਸਪੀਚ ਕਰਨਗੇ। ਹਾਈ ਸਕੂ.ਲ ਦੇ ਵਿਦਿਆਰਥੀਆਂ ਦਾ ਵਿਸ਼ਾ ਜਲਿਆਵਾਲੇ ਬਾਗ ਦਾ ਸਾਕਾ ਹੋਵੇਗਾ। ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਭਾਸ਼ਨ ਦਾ ਵਿਸ਼ਾ 'ਜਲਿਆਵਾਲੇ ਬਾਗ ਦੇ ਸਾਕੇ ਦਾ ਭਾਰਤ ਦੀ ਆਜ਼ਾਦੀ ਦੀ ਲੜਾਈ ਤੇ ਪਰਭਾਵ' ਹੋਵੇਗਾ। ਇਸ ਪ੍ਰੋਗਰਾਮ ਵਿਚ ਹਿਸਾ ਲੈਣ ਵਾਲੇ ਸਾਰੇ ਵਿਦਿਆਰਥੀਆ ਨੂੰ ਸਰਟੀਫੀਕੇਟ ਦਿਤੇ ਜਾਣਗੇ ਅਤੇ ਹਰ ਗਰੁਪ ਦੇ ਪਹਿਲੇ ਤਿੰਨ ਜੇਤੂਆ ਨੂੰ ਨਗਦ ਇਨਾਮ ਦਿੱਤੇ ਜਾਣਗੇ।

ਫੋਰਮ ਪਿਛਲੇ ਅੱਠ ਸਾਲਾਂ ਤੋਂ ਵਿਦਿਆਰਥੀਆ ਲਈ ਇਹ ਪ੍ਰੋਗਰਾਮ ਕਰਵਾ ਰਿਹਾ ਹੈ ਜਿਸ ਦਾ ਮੁਖ ਮਕਸਦ ਸਾਡੇ ਬੱਚਿਆਂ ਨੂੰ ਸਮਾਜ ਵਿਚ ਅਗਾਂਹਵਧੂ ਅਤੇ ਲੀਡਰਸ਼ਿਪ ਰੋਲ ਲਈ ਤਿਆਰ ਕਰਨਾ ਹੈ। ਫੋਰਮ ਸਮੂਹ ਭਾਈਚਾਰੇ ਨੂੰ ਆਪਣੇ ਬੱਚਿਆਂ ਨੂੰ ਇਸ ਪ੍ਰੋਗਰਾਮ ਵਿਚ ਹਿਸਾ ਲੈਣ ਲਈ ਉਤਸ਼ਾਹਤ ਕਰਨ ਦੀ ਅਪੀਲ ਕੀਤੀ ਹੈ ਅਤੇ ਕਿਸੇ ਤਰਾਂ ਦੀ ਮਦਦ ਲਈ ਫੋਰਮ ਦੇ ਨੁਮਾਇੰਦਿਆ ਨਾਲ ਸੰਪਰਕ ਕਰ ਸਕਦੇ ਹਨ। ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਜਾਂ ਕਿਸੇ ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ (559-618-0156), ਸੁਰਿੰਦਰ ਮੰਢਾਲੀ (559-473-9269) ਜਾਂ ਗੁਰਦੀਪ ਸਿੰਘ ਗਿੱਲ (559-360-4248) ਨਾਲ ਸਪੰਰਕ ਕੀਤਾ ਜਾ ਸਕਦਾ ਹੈ।ਇਨਾਂ ਮੁਕਾਬਲਿਆਂ ਲਈ ਆਪਣਾ ਨਾਂ ਰਜਿਸਟਰ ਕਰਵਾਉਣ ਲਈ :
email AHForum@Gmail.Com.

# ਖੂਹ ਬਣੇ ਭੂਤ

ਪਾਣੀ ਮਨੁੱਖ ਦੀ ਪਹਿਲੀ ਲੋੜ ਹੈ, ਇਸੇ ਲਈ ਮਨੁੱਖ ਦੀਆਂ ਪਹਿਲੀਆਂ ਬਸਤੀਆਂ ਦਾ ਵਾਸਾ ਦਰਿਆਵਾਂ ਦੇ ਕੰਢਿਆਂ ਤੇ ਹੀ ਹੋਇਆ। ਮਨੁੱਖ ਨੇ ਵਿਕਾਸ ਦੀ ਭਾਲ ਵਿਚ ਜਦੋਂ ਦੂਰ ਜਾਣਾ ਸ਼ੁਰੂ ਕੀਤਾ ਤਾਂ ਉਸਨੂੰ ਖੂਹ ਪੁੱਟਣ ਦਾ ਖਿਆਲ ਆਇਆ, ਕਹਿੰਦੇ ਹਨ ਪਹਿਲੇ ਖੂਹ 30,000 ਸਾਲ ਪਹਿਲੋਂ ਪੁੱਟੇ ਗਏ। ਇਹਦੀਆਂ ਕੰਧਾਂ ਢਿੱਗਾਂ ਜਾਂ ਪੱਥਰ ਦੀਆਂ ਬਣਦੀਆਂ ਸਨ। ਪਾਣੀ ਲਈ ਇਸ ਵਿਚ ਬੂਝਲੀਆਂ ਰੱਖੀਆਂ ਜਾਂਦੀਆਂ ਸਨ। ਸਮੇਂ ਨਾਲ ਡੂੰਘੀਆਂ ਖੂਹੀਆਂ ਹੋਂਦ ਵਿਚ ਆਈਆਂ। ਅਜੋਕੇ ਸਮੇਂ ਵਿਚ ਇਹ ਸਭ ਕੁਝ ਨੂੰ ਮੱਛੀ ਮੋਟਰਾਂ ਨੇ ਪਿੱਛੇ ਧੱਕ ਦਿੱਤਾ ਹੈ, ਆਮ ਲੋਕ ਤਿੰਨ ਤੋਂ ਪੰਜ ਇੰਚ ਦਾ ਬੋਰ ਕਰਦੇ ਹਨ, ਪਰ ਸਰਕਾਰੀ ਬੋਰ ਵੀਹ ਇੰਚ ਤਕ ਵੀ ਹੁੰਦੇ ਹਨ। ਜੋ ਪਾਣੀ ਨਾ ਲੱਭਣ ਜਾਂ ਹੋਰ ਕਾਰਨਾਂ ਕਰਕੇ ਉਵੇਂ ਹੀ ਛੱਡ ਦਿੱਤੇ ਜਾਂਦੇ ਹਨ। ਉਜਾੜ ਜਾਂ ਸ਼ਮਸ਼ਾਨ ਘਾਟਾਂ ਵਿਚਲੇ ਇਹ ਪੁਰਾਣੇ ਖੂਹ, ਖੂਹੀਆਂ ਤੇ ਵੱਡੇ ਬੋਰ ਜਿੱਥੇ ਸੱਪਾਂ ਦਾ ਘਰ ਹੁੰਦੇ ਹਨ, ਉੱਥੇ ਕਿਸੇ ਭਟਕੇ ਰਾਹੀ ਜਾਂ ਬੱਚੇ ਲਈ ਭੂਤ ਬਣ ਆਪਣੇ ਵਿਚ ਸੁੱਟ ਲੈਂਦੇ ਹਨ। ਇਸੇ ਤਰ੍ਹਾਂ ਨੰਗੀਆਂ ਤਾਰਾਂ ਲਟਕਦੀਆਂ ਮਿਲ ਜਾਣਗੀਆਂ। ਸਰਕਾਰਾਂ ਕੋਲ ਹੋਰ ਬਥੇਰੇ ਝਮੇਲੇ ਹੁੰਦੇ ਹਨ। ਇਸ ਲਈ ਹੁਣ ਇਹ ਸਾਡਾ ਹੀ ਫਰਜ਼ ਬਣਦਾ ਹੈ ਕਿ ਆਪਣੇ ਆਲੇ ਦੁਆਲੇ ਪਏ ਇਹਨਾਂ ਲਾਵਾਰਸ ਮੌਤ ਦੇ ਖੂਹਾਂ ਦੀ ਨਿਸ਼ਾਨਦੇਹੀ ਕਰਕੇ ਆਪਣੇ ਇਲਾਕੇ ਦੇ ਪੰਚ, ਸਰਪੰਚ, ਬੀਡੀਪੀਓ, ਕੌਂਸਲਰ, ਐਮ ਐਲ ਏ, ਐਮ ਪੀ ਆਦਿ ਨੂੰ ਸੂਚਤ ਕਰਕੇ ਬੰਦ ਕਰਵਾਈਏ। ਅੱਜ ਕੱਲ ਤਾਂ ਤਕਰੀਬਨ ਹਰੇਕ ਕੋਲ ਕੈਮਰੇ ਵਾਲਾ ਫੋਨ ਹੈ, ਫੋਟੋ ਵੀ ਖਿਚ ਕੇ ਪਾਈ ਜਾ ਸਕਦੀ ਹੈ। ਜਿਹਨਾਂ ਕੋਲ ਵੱਟਸਐਪ ਹੈ, ਉਹ ਸਹੀ ਲੋਕੇਸ਼ਨ ਵੀ ਇਹਨਾਂ ਅਫਸਰਾਂ ਨੂੰ ਭੇਜ ਸਕਦੇ ਹਨ। ਇਸ ਕੰਮ ਤੇ ਕੋਈ ਖਰਚਾ ਨਹੀਂ ਹੈ, ਪਰ ਸਕੂਨ ਮੁਫਤ ਵਿਚ ਮਿਲੇਗਾ ।



**-ਜਨਮੇਜਾ ਸਿੰਘ ਜੌਹਲ**

# ਦਿੱਲੀ ਕਿ ਦੈਂਤ?



**ਤਰਲੋਚਨ ਸਿੰਘ ਦੁਪਾਲਪੁਰ**
**001-408-915-1268**

ਜਿਨ੍ਹਾਂ ਇਹਦੀ ਆਜ਼ਾਦੀ ਲਈ ਸੀਸ ਵਾਰੇ
ਇਹ ਉਨ੍ਹਾਂ ਦਾ ਬਾਗ ਉਜਾੜਦੀ ਰਹੀ।

ਪੀ ਪੀ ਕੇ ਖੂਨ ਬੇਦੋਸ਼ਿਆਂ ਦਾ
ਤਪਦਾ ਆਪਣਾ ਸੀਨਾ ਹੀ ਠਾਰਦੀ ਰਹੀ।

ਕਰਕੇ ਜਬਰ ਤੇ ਧੌਂਸ ਹਕੂਮਤਾਂ ਦੀ
ਹੱਕ ਸਦਾ ਆਜ਼ਾਦੀ ਦਾ ਮਾਰਦੀ ਰਹੀ।

ਕੌਮ-ਵੇਚੂ ਗੱਦਾਰਾਂ ਤੇ ਟੋਡੀਆਂ ਨੂੰ
ਭਾਈਵਾਲ ਬਣਾ ਸਤਿਕਾਰਦੀ ਰਹੀ।

ਜ਼ੁਲਮ ਆਸਰੇ ਕਰ ਲਏ ਧੌਣ ਉੱਚੀ
ਸਿਰੜ ਸਿਦਕ ਦੇ ਅੱਗੇ ਪਰ ਹਾਰਦੀ ਰਹੀ।

ਕਦੇ ਮਿੱਤ ਨਾ ਬਣੀ ਘੱਟ ਗਿਣਤੀਆਂ ਦੀ
ਦਿੱਲੀ ਦੈਂਤ ਦਾ ਰੂਪ ਹੀ ਧਾਰਦੀ ਰਹੀ।

# ਮਿਹਨਤੀ ਅਤੇ ਦ੍ਰਿੜ ਇਰਾਦੇ ਵਾਲਾ ਸੰਘਰਸ਼ੀ ਅਧਿਆਪਕ ਗੁਰਮੇਲ ਸਿੰਘ ਜਾਹਲ੍ਹਾਂ

ਮਿਹਨਤੀ ਅਤੇ ਲਗਨ ਨਾਲ ਕੰਮ ਕਰਨ ਵਾਲਾ ਗੁਰਮੇਲ ਸਿੰਘ ਆਰਟ ਕਰਾਫਟ ਅਧਿਆਪਕ ਆਪਣੇ ਸਕੂ.ਲ ਦੀ ਬਿਹਤਰੀ ਲਈ ਹਮੇਸ਼ਾਂ ਤੱਤਪਰ ਰਹਿੰਦਾ ਹੈ। ਉਸ ਦਾ ਸਕੂਲ ਪ੍ਰਤੀ ਏਨਾ ਮੋਹ ਹੈ ਕਿ ਉਹ ਸਕੂਲ ਦੇ ਕੰਮਾਂ ਲਈ ਅਕਸਰ ਛੁੱਟੀ ਵਾਲੇ ਦਿਨਾਂ ਵਿੱਚ ਜਾ ਕੇ ਅਤੇ ਸਕੂਲ ਸਮੇਂ ਤੋਂ ਬਾਅਦ ਵੀ ਅਧੂਰੇ ਕੰਮ ਕਰਦਾ ਰਹਿੰਦਾ ਹੈ। ਉਹ ਪਿਛਲੇ ਵੀਹ ਸਾਲਾਂ ਤੋਂ ਸਰਕਾਰੀ ਮਿਡਲ ਸਕੂਲ ਜਾਹਲ੍ਹਾਂ (ਪਟਿਆਲਾ) ਵਿਖੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾ ਰਿਹਾ ਹੈ। ਉਸ ਨੇ ਸੁਰੂ ਵਿੱਚ ਸਾਖਰਤਾ ਮੁਹਿੰਮ ਵਿੱਚ ਵੀ ਜਿਲ੍ਹਾ ਪੱਧਰ ਤੇ ਵਧੀਕ ਡਿਪਟੀ ਕਮਿਸ਼ਨਰ ਨਾਲ ਕੰਮ ਕੀਤਾ ਹੈ।ਹੁਣ ਉਸ ਨੂੰ ਸਟੇਟ ਰਿਸੋਰਸ ਗਰੁੱਪ (ਆਰਟ ਅਤੇ ਕਰਾਫਟ) ਵਿੱਚ ਉਸ ਦੇ ਕੰਮ ਕਰਨ ਦੀ ਗੁਣਵੱਤਾ ਅਤੇ ਯੋਗਤਾ ਨੂੰ ਦੇਖਦੇ ਹੋਏ ਸਾਮਲ ਕੀਤਾ ਗਿਆ ਹੈ ਜਿਸ ਵਿੱਚ ਉਸ ਨੇ ਗਰੁੱਪ ਦੇ ਮੈਂਬਰਾਂ ਨਾਲ ਮਿਲ ਕੇ ਸਰਾਹਨਾਯੋਗ ਕੰਮ ਕੀਤਾ ਹੈ । ਉਸ ਨੇ ਡਰਾਇੰਗ ਵਿਸ਼ੇ ਨੂੰ ਹੋਰਾਂ ਵਿਸ਼ਿਆਂ ਦਾ ਸਹਿਯੋਗੀ ਬਣਾਉਣ ਲਈ ਨਵੇਂ ਨਵੇਂ ਸੁਝਾਅ ਦੇ ਕੇ ਇਸ ਵਿਸ਼ੇ ਦੀ ਘੱਟ ਰਹੀ ਅਹਿਮੀਅਤ ਨੂੰ ਮੁੜ ਸੁਰਜੀਤ ਕਰਵਾਇਆ। ਉਸ ਨੇ ਸਟੇਟ ਰਿਸੋਰਸ ਪਰਸਨ ਦੇ ਤੌਰ ਤੇ ਵਧੀਆ ਸੇਵਾਵਾਂ ਸੈਮੀਨਾਰਾਂ ਵਿੱਚ ਅਧਿਆਪਕਾਂ ਨੂੰ ਪ੍ਰਦਾਨ ਕੀਤੀਆਂ ਹਨ, ਜਿਸ ਦੀ ਉੱਚ ਅਧਿਕਾਰੀਆਂ ਨੇ ਪ੍ਰਸ਼ੰਸ਼ਾ ਕੀਤੀ ਹੈ।ਗੁਰਮੇਲ ਸਿੰਘ ਨੂੰ ਰਿਸੋਰਸ ਸਟੇਟ ਪੱਧਰ ਦੀਆਂ ਵਰਕਸਾਪਾਂ ਵਿੱਚ ਵਧੀਆਂ ਸੇਵਾਵਾਂ ਦੇਣ ਬਦਲੇ ਸਕੱਤਰ ਸਕੂਲੀ ਸਿੱਖਿਆ ਪੰਜਾਬ ਸ਼੍ਰੀ ਕ੍ਰਿਸ਼ਨ ਕੁਮਾਰ ਵਲੋਂ ਪ੍ਰਸ਼ੰਸ਼ਾ-ਪੱਤਰ ਦੇ ਕੇ ਸਨਮਾਨਿਤ ਕੀਤਾ ਹੈ। ਇਸ ਨਾਲ ਇਲਾਕੇ ਦੇ ਸਕੂਲਾਂ ਵਿੱਚ ਸ.ਮਿ.ਸ.ਜਾਹਲ੍ਹਾਂ ਦਾ ਨਾਂ ਉੱਚਾ ਹੋਇਆ ਹੈ।ਆਪਣੇ ਸਕੂਲ ਅੰਦਰ ਮਾਟੋ, ਨਕਸ਼ੇ ਆਦਿ ਉਸ ਨੇ ਆਪ ਬਣਾਏ ਹਨ। ਸਕੂਲ ਦੇ ਵਰਾਂਡੇ ਨੂੰ ਰੰਗਾਂ ਨਾਲ ਸ਼ਜਾਉਣ ਦਾ ਕੰਮ ਵੀ ਉਸ ਨੇ ਆਰੰਭਿਆ ਹੋਇਆ ਹੈ। ਉਸ ਨੇ ਦਫਤਰ ਅੰਦਰ ਬੜੇ ਵਧੀਆ ਅਤੇ ਕਲਾਤਮਕ ਢੰਗ ਨਾਲ ਸਕੂਲ ਦੀਆਂ ਪ੍ਰਾਪਤੀਆਂ ਨੂੰ ਪ੍ਰਦਰਸ਼ਿਤ ਕੀਤਾ ਹੈ। ਉਸ ਦੇ ਸਕੂਲ ਦੇ ਬੱਚੇ ਪੋਸਟਰ ਮੁਕਾਬਲਿਆਂ ਵਿੱਚ ਸਟੇਟ ਪੱਧਰ ਤੇ ਜੇਤੂ ਰਹਿੰਦੇ ਰਹੇ ਹਨ। ਉਸ ਨੇ ਆਪਣੇ ਵਿਸ਼ੇ ਤੋਂ ਇਲਾਵਾ ਹੋਰ ਵਿਸ਼ੇ ਵਧੀਆ ਢੰਗ ਨਾਲ ਪੜ੍ਹਾਉਣ ਦਾ ਕਾਰਜ ਕੀਤਾ ਹੈ। ਇੱਕ ਸਾਲ ਅੱਠਵੀਂ ਦਾ ਗਣਿਤ ਪੜ੍ਹਾਉਣ ਦਾ ਉਸ ਨੂੰ ਮੌਕਾ ਮਿਲਿਆ ਤਾਂ ਬੋਰਡ ਦੇ ਨਤੀਜੇ ਤੋਂ ਵੱਧ ਸਕੂਲ ਦਾ ਨਤੀਜਾ ਲਿਆਂ ਕੇ ਨਵਾਂ ਇਤਿਹਾਸ ਸਿਰਜਿਆ। ਹੁਣ ਸੇਵਾ ਮੁਕਤੀ ਉਪਰੰਤ ਵਾਧੇ ਦੌਰਾਣ ਉਸ ਦੀ ਡਿਊਟੀ ਤਿੰਨ ਦਿਨ ਸ.ਹ.ਸ.ਧਬਲਾਨ (ਕੰਪਲੈਕਸ ਸਕੂਲ) ਵਿਖੇ ਲਗਨ ਨਾਲ ਉਸ ਸਕੂਲ ਦੀ ਦਿੱਖ ਬਦਲਣ ਦਾ ਗੰਭੀਰਤਾ ਨਾਲ ਉਹ ਯਤਨ ਕਰ ਰਿਹਾ ਹੈ। ਸਮੂਹ ਸਟਾਫ ਅਤੇ ਜਿਲ੍ਹੇ ਦੇ ਆਰਟ/ਕਰਾਫਟ ਅਧਿਆਪਕਾਂ ਨੇ ਵੀ ਸ਼੍ਰ. ਗੁਰਮੇਲ ਸਿੰਘ ਨੂੰ ਇਸ ਸਨਮਾਨ ਲਈ ਵਧਾਈ ਦਿੱਤੀ ਹੈ।



ਗੁਰਮੇਲ ਸਿੰਘ ਦਾ ਜਨਮ ਮੱਧ ਵਰਗੀ ਕਿਸਾਨ ਸ਼੍ਰ. ਜੰਗੀਰ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਚੰਦ ਕੌਰ ਦੀ ਕੁੱਖੋਂ 30 ਜਨਵਰੀ 1960 ਨੂੰ ਲੋਪੇ (ਭੋੜੇ) ਜਿਲ੍ਹਾ ਪਟਿਆਲਾ ਵਿਖੇ ਹੋਇਆ।ਉਸ ਨੇ ਪ੍ਰਾਇਮਰੀ ਸਿੱਖਿਆ ਸ.ਪ੍ਰ.ਸ. ਭੋੜੇ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸ.ਹ.ਸ. ਮੱਲ੍ਹੇਵਾਲ ਵਿਖੇ ਪੜ੍ਹਾਈ ਕਰਨ ਉਪਰੰਤ ਇਥੋਂ ਮਾਰਚ 1976 'ਚ ਦਸਵੀਂ ਪਾਸ ਕਰ ਲਈ। ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ 1980 ਵਿੱਚ ਬੀ.ਏ. ਪਾਸ ਕਰਨ ਉਪਰੰਤ ਸਰਕਾਰੀ ਆਰਟ ਅਤੇ ਕਰਾਫਟ ਟੀਚਰਜ ਟ੍ਰੇਨਿੰਗ ਸੰਸਥਾ ਨਾਭਾ ਤੋਂ ਦੋ ਸਾਲਾ ਡਿਪਲੋਮਾ 1982 ਵਿੱਚ ਪ੍ਰਾਪਤ ਕਰ ਲਿਆ। ਉਸ ਨੇ ਵੀਰ ਹਕੀਕਤ ਰਾਏ ਮਾਡਲ ਸਕੂਲ ਪਟਿਆਲਾ ਵਿਖੇ 13 ਦਸੰਬਰ 1983 ਤੋਂ 14 ਸਤੰਬਰ 1987 ਤੱਕ ਬਤੌਰ ਆਰਟ/ਕਰਾਫਟ ਟੀਚਰ ਸੇਵਾ ਨਿਭਾਈ।ਇਸ ਦੌਰਾਣ 10 ਮਈ 1986 ਨੂੰ ਸ਼੍ਰ. ਸੁਖਦੇਵ ਸਿੰਘ ਪਿੰਡ ਫਤਿਹਗੜ੍ਹ ਭਾਦਸੋਂ (ਸੰਗਰੂਰ) ਦੀ ਪੁੱਤਰੀ ਬਲਜਿੰਦਰ ਕੌਰ ਨਾਲ ਵਿਆਹ ਹੋ ਗਿਆ । ਉਸ ਨੇ ਆਰਮੀ ਸਕੂਲ ਪਟਿਆਲਾ ਵਿਖੇ 15 ਸਤੰਬਰ 1987 ਤੋਂ 25 ਅਕਤੂਬਰ 1994 ਤੱਕ ਬਤੌਰ ਡਰਾਇੰਗ ਅਧਿਆਪਕ ਨਾਲ ਲਗਨ ਅਤੇ ਮਿਹਨਤ ਨਾਲ ਕੰਮ ਕੀਤਾ। ਇਥੋਂ ਉਸ ਨੇ ਜ਼ਿੰਦਗੀ ਜਿਊਣ ਲਈ ਬਹੁਤ ਕੁਝ ਸਿੱਖਿਆ।ਇਸ ਦੌਰਾਣ ਹੀ ਉਸ ਨੂੰ ਆਤਮਾ ਰਾਮ ਕੁਮਾਰ ਸਭਾ ਸੀ.ਸੈ.ਸ. ਪਟਿਆਲਾ ਦੇ ਏਡਿਡ ਸਕੂਲ ਵਿਖੇ ਬਤੌਰ ਆਰਟ / ਕਰਾਫਟ ਟੀਚਰ ਨੋਕਰੀ ਮਿਲ ਗਈ ।ਇਸ ਸਕੂਲ ਵਿੱਚ ਉਸ ਨੇ ਆਪਣੇ ਪਿਛਲੇ ਸਕੂਲਾਂ ਦੇ ਤਜਰਬਿਆ ਸਦਕਾ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਈ ਸ਼ੁਰੂ ਕਰਵਾਈ।ਇਥੇ ਉਸ ਦੀ ਕਲਾਸ ਦੇ ਦੋ ਬੱਚੇ ਪੀ.ਐਮ.ਟੀ. ਪਾਸ ਕਰ ਚੁੱਕੇ ਹਨ।ਉਸ ਨੇ ਸਰਕਾਰੀ ਨੌਕਰੀ ਵਿੱਚ ਬਤੌਰ ਅ / ਕ ਟੀਚਰ ਨਿਯੁਕਤੀ ਹੋਣ ਉਪਰੰਤ ਸ.ਹ.ਸ. ਲਾਛੜੂ (ਪਟਿਆਲਾ) ਵਿਖੇ 10 ਜਨਵਰੀ 1997 ਨੂੰ ਹਾਜ਼ਰੀ ਦਿੱਤੀ । ਇਥੋਂ ਗੁਰਮੇਲ ਸਿੰਘ ਨੇ 7 ਜੁਲਾਈ ਨੂੰ ਬਦਲੀ ਹੋਣ ਕਾਰਣ ਸ.ਮਿ.ਸ. ਜਾਹਲ੍ਹਾਂ ਕੰਪਲੈਕਸ ਸ.ਹ.ਸ. ਧਬਲਾਨ ਵਿਖੇ ਹਾਜ਼ਰੀ ਦਿੱਤੀ ਅਤੇ ਹੁਣ ਤੱਕ ਇਥੇ ਹੀ ਵਿਲੱਖਣ ਅਧਿਆਪਕ ਦੇ ਤੌਰ ਤੇ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਉਹ ਸਕੂਲ ਦੇ ਨਵੇਂ ਕਮਰੇ ਬਣਾਉਣ 'ਚ ਮੋਹਰੀ ਹੋ ਕੇ ਕੰਮ ਕਰਾਉਂਦਾ ਰਿਹਾ ਹੈ। ਉਹ ਅਧਿਆਪਕ ਯੂਨੀਅਨ ਜੀ.ਟੀ.ਯੂ. ਦਾ ਸਰਗਰਮ ਮੈਂਬਰ ਹੈ। ਪਟਿਆਲਾ ਵਿਖੇ ਅਧਿਆਪਕਾਂ ਦਾ ਕੋਈ ਵੀ ਧਰਨਾ/ ਰੈਲੀ ਹੋਵੇ ਆਦਿ ਹੋਵੇ ਤਾਂ ਉਹ ਮੋਹਰੀ ਹੋ ਕੇ ਲਗਾਈ ਜ਼ਿੰਮੇਵਾਰੀ ਨੂੰ ਨਿਭਾਉਂਦਾ ਹੈ। ਉਹ ਪੰਜਾਬ. ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦਾ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਹੈ।ਉਹ ਦਫਤਰੀ ਕੰਮਾਂ ਨੂੰ ਕਰਨ ਅਤੇ ਕਰਵਾਉਣ ਦਾ ਮਾਹਿਰ ਹੈ। ਉਹ ਧਾਰਮਿਕ ਥਾਵਾਂ ਦੇ ਦਰਸ਼ਨਾਂ ਲਈ ਅਕਸਰ ਜਾਂਦਾ ਰਹਿੰਦਾ ਹੈ ਕਿਉਂ ਕਿ ਉਸ ਦਾ ਪਾਲਣ ਪੋਸ਼ਣ ਇੱਕ ਧਾਰਮਿਕ ਬਿਰਤੀ ਵਾਲੇ ਪਰਿਵਾਰ 'ਚ ਹੋਇਆ । ਉਹ ਦਸ਼ਮੇਸ਼ ਖਾਲਸਾ ਸ਼ੇਰੇ ਦਲ (ਰਜਿ:) ਸ਼੍ਰੀ ਫਤਿਹਗੜ੍ਹ ਸਾਹਿਬ ਨਾਲ ਨਿਸ਼ਕਾਮ ਸੇਵਾ ਲਈ ਜੁੜਿਆ ਹੋਇਆ ਹੈ।ਉਹ ਇਸ ਦਲ ਨਾਲ ਹਰ ਮਹੀਨੇ ਸੰਗਰਾਂਦ ਅਤੇ ਸਾਲਾਨਾ ਸ਼ਹੀਦੀ ਜੌੜਮੇਲ ਫਤਿਹਗੜ੍ਹ ਸਾਹਿਬ ਸਮੇਂ ਨਿਸ਼ਕਾਮ ਸੇਵਾ ਕਰਦਾ ਹੈ। ਭਾਵੇਂ ਸ਼੍ਰੀ ਅੰਮ੍ਰਿਤਸਰ ਸਾਹਿਬ ਜਾਣਾ ਹੋਵੇ, ਭਾਵੇਂ ਸ਼੍ਰੀ ਹੇਮਕੁੰਟ ਸਾਹਿਬ, ਪਾਉਂਟਾ ਸਾਹਿਬ,ਨਾਢਾ ਸਾਹਿਬ, ਕੁਰਕੁਸੇਤਰ ਜਾਣ ਲਈ ਜਦੋਂ ਵੀ ਮੈਂ ਕਿਹਾ, ਉਸਨੇ ਹਮੇਸ਼ਾਂ ਸਾਥ ਦਿੱਤਾ ਹੈ। ਇਹੋ ਜਿਹੇ ਇਨਸਾਨਾਂ ਨਾਲ ਵਿਚਰਨਾ ਸੱਚਮੁੱਚ ਮਾਣ ਵਾਲੀ ਗੱਲ ਹੁੰਦੀ ਹੈ। ਉਹ ਆਪਣੀ ਸੁਪਤਨੀ ਬਲਜਿੰਦਰ ਕੌਰ ਬੇਟੇ ਕੁਲਦੀਪ ਸਿੰਘ, ਜਸਦੀਪ ਸਿੰਘ,ਨੂੰਹ ਕਮਲਜੀਤ ਕੌਰ ਅਤੇ ਪੋਤਰੇ ਸੁਖਦੀਪ ਸਿੰਘ ਨਾਲ ਪ੍ਰਤਾਪ ਨਗਰ ਪਟਿਆਲਾ ਵਿਖੇ ਰਹਿ ਰਿਹਾ ਹੈ। ਪ੍ਰਮਾਤਮਾ ਹਮੇਸ਼ਾ ਉਸ ਨੂੰ ਹੋਰ ਵੀ ਵਧੀਆ ਸੇਵਾਵਾਂ ਕਰਨ ਲਈ ਚੜ੍ਹਦੀਕਲਾ ਬਖਸ਼ੇ।



**ਮੇਜਰ ਸਿੰਘ ਨਾਭਾ**
**91-94635-53962**

## ਮਨੁੱਖਤਾ ਤੇ ਨੈਤਿਕਤਾ ਦਾ ਕਤਲ

ਪੈਰ ਪੈਰ ਤੇ ਬੇਇਨਸਾਫੀਆਂ
ਧੱਕੇਸ਼ਾਹੀਆਂ, ਵਧੀਕੀਆਂ,
ਤਸ਼ੱਦਦ, ਖੁਦਗਰਜ਼ੀਆਂ ਤੇ ਪੱਖਪਾਤ ਦਾ ਆਲਮ ਹੈ
ਅੱਜ ਪੈਰ ਪੈਰ ਤੇ ਮਨੁੱਖਤਾ ਤੇ ਨੈਤਿਕਤਾ
ਦਾ ਕਤਲ ਹੋਈ ਜਾਂਦਾ ਏ
ਅੱਜ ਪੈਰ ਪੈਰ ਤੇ ਮਨੁੱਖਤਾ ਤੇ ਨੈਤਿਕਤਾ ਤੇ ਡਾਕੇ,
ਕਤਲ, ਬਲਾਤਕਾਰ, ਅੱਨਿਆ ਤੇ ਲੁੱਟ ਖਸੁੱਟ ਹੋ ਰਹੀ ਹੈ
ਅੱਜ ਨਿਰਧਨ, ਕਮਜ਼ੋਰ ਨੂੰ ਪੁੱਛੇ ਕੋਈ ਨਾ
ਅੱਜ ਨਿੱਤ ਕੁੜੀਆਂ ਦੀਆਂ ਇੱਜ਼ਤਾਂ
ਲੁੱਟੀਆਂ ਜਾ ਰਹੀਆਂ ਨੇ
ਅੱਜ ਰਿਸ਼ਤਿਆਂ ਦੀ ਰਹੀ ਨਾ ਕੋਈ ਅਹਿਮੀਅਤ
ਪੈਸੇ ਦੀ ਖਾਤਰ ਪੁੱਤ ਪਿਤਾ ਦਾ
ਭਰਾ ਭਰਾ ਦਾ ਕਤਲ ਕਰੀ ਜਾਂਦਾ ਏ
ਭੈਣਾਂ ਆਪਣੇ ਪ੍ਰੇਮੀਆਂ ਨਾਲ ਮਲਿ ਕੇ
ਭਰਾਵਾਂ ਦਾ ਕਤਲ ਕਰੀ ਜਾਂਦੀਆਂ ਨੇ
ਕਦੀ ਹੁੰਦਾ ਸੀ ਮਿੱਤਰ ਮਿੱਤਰ ਲਈ
ਜਾਨ ਵਾਰਨ ਲਈ ਤਿਆਰ ਹੁੰਦੀ ਸੀ
ਪਰ ਅੱਜ ਮਿੱਤਰ ਮਿੱਤਰ ਦੀ ਜਾਨ ਲੈਣ ਲਈ ਤਿਆਰ ਏ
ਅੱਜ ਸਮਾਜ ਦੀ ਸ਼ਰਮ ਤੇ ਰੱਬ ਦਾ ਡਾਰ ਰਿਹਾ ਕੋਈ ਨਾ
ਨਿੱਜੀ ਸੁਆਰਥ ਲਈ
ਲੋਕ ਆਪਣੀ ਜ਼ਮੀਰ, ਗੈਰਤ ਤੇ ਨੈਤਿਕਤਾ
ਦਾ ਕਤਲ ਕਰੀ ਜਾਂਦੇ ਲੈ ਨੇ
ਅਜਿਹਾ ਹੁੰਦਾ ਹੀ ਰਹੇਗਾ
ਜਦ ਤੱਕ ਮਨੁੱਖੀ ਸੁਭਾਅ ਵਿਚੋਂ
ਬੇਈਮਾਨੀ ਤੇ ਵਹਿਸ਼ੀਪੁਣੇ ਦੀ ਲਕੀਰ ਮਿਟ ਨਹੀਂ ਜਾਂਦੀ
ਜਦੋਂ ਤੱਕ ਅਸੀਂ ਗੁਰਬਾਣੀ ਨੂੰ ਆਪਣੇ ਜੀਵਨ ਦਾ
ਅਧਾਰ ਬਣਾ ਕੇ ਆਪਣੇ ਆਪ ਨੂੰ ਪੂਰਨ ਮਨੁੱਖ ਨਹੀਂ ਬਣਾਉਂਦੇ।



– ਮਾਸਟਰ
ਨਿਰਮਲ ਸਿੰਘ ਲਾਲੀ

## ਸੱਜਣਾ ਸਾਂਭ ਲੈ ਸੁਹਣਿਆਂ ਰੁੱਖਾਂ ਨੂੰ







ਸੱਜਣ ਸਾਂਭ ਲੈ ਸੋਹਣਿਆਂ ਰੁੱਖਾਂ ਨੂੰ
ਕੁਦਰਤ ਦੀਆਂ ਬਖਸ਼ੀਆਂ ਸੁੱਖਾਂ ਨੂੰ
ਚਲੋ ਆਪਾਂ ਰਲ ਮਿਲ ਸਾਂਭ ਲਈਏ
ਇਹਨਾਂ ਹਰਿਆਂ ਭਰਿਆਂ ਰੁੱਖਾਂ ਨੂੰ
ਸੱਜਣਾ ਸਾਂਭ ਲੈ ਸੋਹਣਿਆਂ ਰੁੱਖਾਂ ਨੂੰ
ਕੁਦਰਤ ਦੀਆਂ ਬਖਸ਼ੀਆਂ ਸੁੱਖਾਂ ਨੂੰ।

ਜਦੋਂ ਠੰਡ ਆਵੇ ਇਹ ਪੱਤੇ ਝਾੜ ਲੈਂਦੇ
ਧੁੱਪਾਂ ਪੈਣ ਤੇ ਪੱਤੇ ਫੇ ਆਉਂਦੇ ਨੇ
ਥੱਕ ਟੁੱਟ ਕੇ ਜਦ ਕੋਈ ਬੈਠ ਜਾਵੇ ਹੇਠਾਂ
ਛਾਵਾਂ ਠੰਡੀਆਂ ਇਹੋ ਲੁਟਾਉਂਦੇ ਨੇ
ਆਪ ਧੁੱਪ ਸਹਿੰਦੇ ਤੇ ਸਾਨੂੰ ਛਾਂ ਵੰਡਦੇ
ਫੇ ਕਾਹਤੇ ਭੁੱਲਦੇ ਆ ਅਸੀਂ, ਇਹਨਾਂ ਰੁੱਖਾਂ ਨੂੰ
ਸੱਜਣਾ ਸਾਂਭ ਲੈ ਸੋਹਣਿਆਂ ਰੁੱਖਾਂ ਨੂੰ
ਕੁਦਰਤ ਦੀਆਂ ਬਖਸ਼ੀਆਂ ਸੁੱਖਾਂ ਨੂੰ।

ਇਹੋ ਛਾਂ ਵੰਡਦੇ, ਇਹੋ ਫਲ ਵੰਡਦੇ
ਤੇ ਇਏ ਰਾਖੇ ਨੇ ਸਾਡੇ ਸਾਹਾਂ ਦੇ
ਜਦੋਂ ਧੁੱਪਾਂ 'ਚ ਪੈਂਡਾ ਤਹਿ ਕਰੀਏ
ਉਦੋਂ ਸਾਥੀ ਨੇ ਸਾਡੇ ਰਾਹਾਂ 'ਚ
ਹਰ ਹਾਲ 'ਚ ਜਿਹੜੇ ਸਾਡੇ ਨਾਲ ਰਹਿੰਦੇ

ਫੇ ਸੱਜਣ ਕਾਹਤੇ ਨਹੀਂ ਕਹਿੰਦੇ ਅਸੀਂ ਰੁੱਖਾਂ ਨੂੰ
ਸੱਜਣਾ ਸਾਂਭ ਲੈ ਸੋਹਣਿਆਂ ਰੁੱਖਾਂ ਨੂੰ
ਕੁਦਰਤ ਦੀਆਂ ਬਖਸ਼ੀਆਂ ਸੁੱਖਾਂ ਨੂੰ।

ਪੰਛੀ ਇਹਨਾਂ ਦੀਆਂ ਟਾਹਣੀਆਂ ਤੇ ਬਹਿੰਦੇ ਨੇ
ਤੇ ਆਲ੍ਹਣੇ ਵੀ ਇਹਨਾਂ 'ਤੇ ਹੀ ਪੈਂਦੇ ਨੇ
ਜਾਨਵਰ ਵੀ ਇਹਨਾਂ ਹੇਠਾਂ ਆ ਬਹਿੰਦੇ
ਤੇ ਸ਼ਰਨ ਮੁਸਾਫਿਰ ਵੀ ਇਹਨਾਂ ਦੀ ਹੀ ਲੈਂਦੇ ਨੇ
ਜਿਹੜੇ ਆਲ੍ਹਣੇ ਪਾ ਕੇ ਇਹਨਾਂ 'ਤੇ ਰਹਿੰਦੇ
ਮਹਿਲ, ਕੋਠੀਆਂ ਹੀ ਸਮਝਣ ਸ਼ਾਇਦ ਰੁੱਖਾਂ ਨੂੰ
ਸੱਜਣਾ ਸਾਂਭ ਲੈ ਸੋਹਣਿਆਂ ਰੁੱਖਾਂ ਨੂੰ
ਕੁਦਰਤ ਦੀਆਂ ਬਖਸ਼ੀਆਂ ਸੁੱਖਾਂ ਨੂੰ।

ਇਹਨਾਂ ਨਾਲ ਹੀ ਸੱਥਾਂ ਵਿਚ ਰੌਣਕਾਂ ਨੇ
ਤੇ ਇਹਨਾਂ ਕਰਕੇ ਰਲ ਮਿਲ ਸਭ ਬਹਿ ਜਾਂਦੇ
ਜੇ ਇਹ ਝੱਖੜ, ਤੂਫਾਨ ਨਾ ਰੋਕਦੇ ਹੁੰਦੇ
ਕੱਚੇ ਕੀ, ਪੱਕੇ ਵੀ ਢਹਿ ਜਾਂਦੇ
ਇਹਨਾਂ ਬਿਨ ਨਹੀਂ ਸਾਡਾ ਲੰਘਣਾ
ਤੇ ਲਾ ਲਓ ਤੇ ਬਚਾ ਲਓ ਰੁੱਖਾਂ ਨੂੰ
ਸੱਜਣਾ ਸਾਂਭ ਲੈ ਸੋਹਣਿਆਂ ਰੁੱਖਾਂ ਨੂੰ
ਕੁਦਰਤ ਦੀਆਂ ਬਖਸ਼ੀਆਂ ਸੁੱਖਾਂ ਨੂੰ।



ਜੁਗਿੰਦਰ ਧਾਮੀ 'ਪਿੱਪਲਾਂਵਾਲੀਆ'
530-844-0987

ਲੱਗਦਾ ਇਹ ਵੀ ਆਪਸ ਵਿਚ ਬੋਲਦੇ ਨੇ
ਦੁੱਖ ਸੁੱਖ ਵੀ ਇਹੋ ਫੋਲਦੇ ਨੇ
ਜਦ ਕੋਈ ਸਾਥੀ ਵਿੱਛੜ ਜਾਵੇ ਤਾਂ ਫੇ
ਸ਼ਾਇਦ ਹੰਝੂ ਵੀ ਅੱਖਾਂ 'ਚ ਡੋਲਦੇ ਨੇ
ਰੁੱਖ ਨਾ ਦਈਏ ਤੇ ਸਾਥੀ ਬਣਾ ਦਈਏ
ਤੇ ਖੁਸ਼ ਕਰ ਦਏ.ਏ 'ਧਾਮੀ' ਇਹਨਾਂ ਰੁੱਖਾਂ ਨੂੰ
ਸੱਜਣਾ ਸਾਂਭ ਲੈ ਸੋਹਣਿਆਂ ਰੁੱਖਾਂ ਨੂੰ
ਕੁਦਰਤ ਦੀਆਂ ਬਖਸ਼ੀਆਂ ਸੁੱਖਾਂ ਨੂੰ
ਚਲੋ ਆਪਾਂ ਰਲ-ਮਿਲ ਸਾਂਭ ਲਈਏ
ਇਹਨਾਂ ਹਰਿਆਂ ਭਰਿਆਂ ਰੁੱਖਾਂ ਨੂੰ
ਸੱਜਣਾ ਸਾਂਭ ਲੈ ਸੋਹਣਿਆਂ ਰੁੱਖਾਂ ਨੂੰ
ਕੁਦਰਤ ਦੀਆਂ ਬਖਸ਼ੀਆਂ ਸੁੱਖਾਂ ਨੂੰ।

## ਮਿੰਨੀ ਕਹਾਣੀ / 'ਗਰੀਬੀ ਰੇਖਾ'

ਮੇਰੀ ਅਤੇ ਸਾਥੀ ਅਧਿਆਪਕ ਦੀ ਡਿਊਟੀ ਗਰੀਬੀ ਸਬੰਧੀ ਸਰਵੇ ਕਰਨ ਲਈ ਲੱਗੀ ਸੀ।ਫਾਰਮ ਦੇਣ ਲੱਗਿਆਂ ਆਦਰਸ਼ਵਾਦੀ ਭਾਸ਼ਣ ਅਤੇ ਅਸਿੱਧੇ ਢੰਗ ਨਾਲ ਕਾਨੂੰਨ ਦਾ ਡਰ ਦਿਖਾ ਕੰਮ ਵਧੀਆ ਅਤੇ ਇਮਾਨਦਾਰੀ ਨਾਲ ਕਰਨ ਲਈ ਕਿਹਾ ਗਿਆ। ਸਰਵੇ ਦੌਰਾਨ ਗਰੀਬਾਂ ਦੀ ਹਾਲਤ ਵੇਖ ਮਨ ਬੜਾ ਖਰਾਬ ਹੁੰਦਾ।ਘੁਰਨਿਆਂ ਵਰਗੇ ਨਿੱਕੇ-ਨਿੱਕੇ ਘਰ, ਟੁਟਿਆ-ਫੁਟਿਆ ਸਮਾਨ, ਅੱਧਨੰਗੇ ਫਿਰਦੇ ਬੱਚੇ। ਇਨ੍ਹਾਂ ਗਰੀਬਾਂ ਨੂੰ ਸਰਕਾਰੀ ਸਹੂਲਤਾਂ ਦਾ ਕੋਈ ਵੀ ਲਾਭ ਨਹੀਂ ਸੀ ਮਿਲ ਰਿਹਾ। ਜਿਹੜੇ ਲੋਕ ਗਰੀਬੀ ਲਾਭ ਲੈ ਰਹੇ ਸੀ, ਉਹ ਘਰ ਸਧਾਰਨ ਹੀ ਨਹੀਂ ਸਗੋਂ ਚੰਗੇ ਭਲੇ ਅਮੀਰ ਸਨ।ਦਸ ਦਿਨ ਦਾ ਕੰਮ ਅਸੀਂ ਛੇਤੀ ਤੋਂ ਛੇਤੀ ਨਿਬੇੜਨਾ ਚਾਹੁੰਦੇ ਸੀ ਤਾਂ ਕਿ ਬੱਚਿਆਂ ਦਾ ਨੁਕਸਾਨ ਪੜ੍ਹਾਈ ਵੱਲੋਂ ਘੱਟ ਤੋਂ ਘੱਟ ਹੋਵੇ।ਕੰਮ ਲੱਗਭੱਗ ਨਿਬੜਨ ਵਾਲਾ ਸੀ ਤਾਂ ਸਰਪੰਚ ਨੇ ਸੁਨੇਹਾ ਭੇਜ ਘਰ ਬੁਲਾ ਲਿਆ।ਰਸਮੀ ਹਾਲ ਚਾਲ ਤੋਂ ਬਾਅਦ ਇੱਕ ਲੰਬੀ ਲਿਸਟ ਫੜਾ ਦਿੱਤੀ ਕਿ ਕਿਹੜੇ ਘਰ ਕੱਟਣੇ ਹਨ ਅਤੇ ਕਿਹੜੇ ਨਵੇਂ ਸ਼ਾਮਿਲ ਕਰਨੇ ਹਨ। ਅਸੀਂ ਅਜਿਹਾ ਕਰਨ ਤੋਂ ਝਿਜਕ ਰਹੇ ਸੀ ਤਾਂ ਸਰਪੰਚ ਨੇ ਆਪਣਾ ਮੋਬਾਇਲ ਮਿਲਾ ਸਾਨੂੰ ਸਥਾਨਕ ਵਿਧਾਇਕ ਨਾਲ ਗੱਲ ਕਰਨ ਲਈ ਕਿਹਾ।"ਮਾਸਟਰ ਜੀ, ਜਿਹੜੀ ਲਿਸਟ ਸਰਪੰਚ ਨੇ ਬਣਾਈ ਹੈ, ਉਸੇ ਨੂੰ ਫਾਈਨਲ ਕਰਨਾ ਹੈ। ਸਰਕਾਰ ਬਦਲ ਗਈ ਹੈ,ਗਰੀਬ ਵੀ ਬਦਲਣੇ ਹੋਣਗੇ। ਮੈਂ ਨਹੀਂ ਚਾਹੁੰਦਾ ਤੁਹਾਨੂੰ ਮੇਰੇ ਘਰ ਆ..।" ਵਿਧਾਇਕ ਨੇ ਇੱਕ ਤਰ੍ਹਾਂ ਹੁਕਮ ਦੇ ਫੋਨ ਕੱਟ ਦਿੱਤਾ।ਮੈਂ ਨਵੀਂ ਅਤੇ ਪੁਰਾਣੀ ਲਿਸਟ ਵੇਖ ਰਿਹਾ ਸੀ, ਗਰੀਬ ਕਿਸੇ ਵੀ ਲਿਸਟ ਵਿੱਚ ਨਹੀਂ ਸਨ। ਗਰੀਬੀ ਰੇਖਾ ਇੱਕ ਪਾਰਟੀ ਤੋਂ ਘੁੰਮ ਦੂਸਰੀ ਪਾਰਟੀ ਵੱਲ ਹੋ ਗਈ ਸੀ।

– ਗੁਰਮੀਤ ਸਿੰਘ ਮਰਾੜ੍ਹ
91-95014-00397

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



Chicago's Pizza with a Twist
Call: 1-209-398-2221









Parvinder Dhesi
Kulwant Sandhu
1471 B St., Unit B, Livingston, CA 95334

## Thinking of Buying or Selling a Home? I Can Help!

COMMERCIAL & RESIDENTIAL REAL ESTATE

# JOHN SINGH BANGA

**Honest & Experienced Realtor**

**916-271-5404**

banga.realtor@gmail.com

www.banga.bhhser.com

FOR OVER 15 YEARS A TOP PRODUCER

CALBRE#01397975

BERKSHIRE HATHAWAY HomeServices Elite Real Estate

**DO YOU HAVE $3,000? If yes, we can help you buy your own home today using a down-payment assistance loan program.**

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3-4 Bedrooms, 2.5 Bathrooms
Sq Ft: 1963, Lot Size:
Listing Price: 424,900
Roseville, CA




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




3 Bedrooms, 2.0 Bathrooms,
Sq Ft: 1,118, Lot Size: 6,970,
Listing Price: 279,000
Sacramento, CA




Quiznos for Sale in Roseville
Listing Price: $89,900




Auto Repair & Lube Shop
Lot Size: 2000, Rent is ONLY $1500/mo.
Listing Price: $139,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




2 Bedrooms, 2 Bathrooms
Sq Ft: 1,116, Rental,Income: $1500 Month
Listing Price $159,000
Sacramento, CA



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BERKSHIRE HATHAWAY
Home Services
Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

**OFFICE: 7412 ELSIE AVE., SACRAMENTO, CA 95828**

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਜੂਨ ਮਹੀਨੇ ਦੇ ਪ੍ਰੋਗਰਾਮ



Sewa is available for the dates with Please contact General Secretary 209.834.4641 for more information.




ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 30 ਜੂਨ 2019 ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਵਿਸਥਾਰ ਸਹਿਤ ਜਾਣਕਾਰੀ ਹੇਠਾਂ ਦੇਖੋ ਜੀ।

***June 23, 2019***

***Wedding Anniversary of Dalvir Kaur***

***and Varinderjit Singh***

*Bhai Paras Ram, Bibi Jaswinder Kaur and family are celebrating wedding anniversary of their daughter Dalvir Kaur. Sri Sukhmani Sahib Path and Langar Sewa will be hosted by the family. May God Bless this couple with happy married life.*

***June 28-29-30, 2019***

***Pittsburg Gurughar's 34th Anniversary***

*Sri Guru Ravidass Temple Pittsburg's 34th anniversary will be celebrated on June 30, 2019. Akhand Path will start on Friday 6/28/19 at 10am and will be concluded with Bhog ceremony on Sunday 6/30/29. Path and Langar sewa will be hosted by Gurughar with the help and cooperation of entire Sangat. Entire Sangat is requested to attend the function.*

*Please contact Gurughar Commottee for STALLS or any sewa on this occasion.*

***"NANAK NAM CHARDI KALA TERE BHANE SARBAT DA BHALA***

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

https://www.redcrossblood.org/faq.html#eligibility

WWW.SriGuruRavidassTemple.com